ਮੰਗਲਵਾਰ, 23 ਅਪ੍ਰੈਲ, 2024
11 ਵਿਸਾਖ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 72
ਅੰਕ/NO. : 323

# ਨਵਾਂ ਜ਼ਮਾਨਾ

DAILY NAWAN ZAMANA • TUESDAY, 23 APRIL, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

# ਚੋਣ ਕਮਿਸ਼ਨ ਮੋਦੀ ਨੂੰ ਜਜ਼ਬਾਤ ਭੜਕਾਉਣੋਂ ਰੋਕੇ : ਕਾਂਗਰਸ

## ਮੈਨੀਫੈਸਟੋ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਖਿਲਾਫ ਸ਼ਿਕਾਇਤ, ਖੜਗੇ ਨੇ ਮੈਨੀਫੈਸਟੋ ਸਮਝਾਉਣ ਲਈ ਪ੍ਰਧਾਨ ਮੰਤਰੀ ਤੋਂ ਵਕਤ ਮੰਗਿਆ

**ਨਵੀਂ ਦਿੱਲੀ :** ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸੋਮਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਮਿਲਣ ਦਾ ਸਮਾਂ ਮੰਗਿਆ। ਉਨ੍ਹਾ ਕਿਹਾ—ਪ੍ਰਧਾਨ ਮੰਤਰੀ ਸਾਡੇ ਚੋਣ ਮੈਨੀਫੈਸਟੋ ਨੂੰ ਸਹੀ ਤਰ੍ਹਾਂ ਸਮਝ ਨਹੀਂ ਸਕੇ। ਮਿਲ ਕੇ ਉਨ੍ਹਾ ਨੂੰ ਮੈਨੀਫੈਸਟੋ ਸਮਝਾਉਣਾ ਹੈ। ਦਰਅਸਲ ਮੋਦੀ ਤੇ ਹੋਰ ਭਾਜਪਾ ਆਗੂ ਕਾਂਗਰਸ ਦੇ ਮੈਨੀਫੈਸਟੋ ਨੂੰ ਮੁਸਲਿਮ ਲੀਗ ਦਾ ਮੈਨੀਫੈਸਟੋ ਦੱਸ ਰਹੇ ਹਨ। ਉਹ ਕਹਿ ਰਹੇ ਹਨ ਕਿ ਕਾਂਗਰਸ ਲੋਕਾਂ ਦੀ ਕਮਾਈ ਖੋਹ ਕੇ ਵੱਧ ਬੱਚੇ ਪੈਦਾ ਕਰਨ ਵਾਲਿਆਂ ਨੂੰ ਦੇਣਾ ਚਾਹੁੰਦੀ ਹੈ।

ਕਾਂਗਰਸ ਦੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਨੇ ਕਿਹਾ ਕਿ ਮੈਨੀਫੈਸਟੋ ਦੀਆਂ ਕਾਪੀਆਂ ਪਾਰਟੀ ਆਗੂਆਂ ਤੇ ਲੋਕ ਸਭਾ ਉਮੀਦਵਾਰਾਂ ਵੱਲੋਂ ਪ੍ਰਧਾਨ ਮੰਤਰੀ ਨੂੰ ਘੱਲੀਆਂ ਜਾਣਗੀਆਂ। ਉਨ੍ਹਾ ਕਿਹਾ ਕਿ ਮੋਦੀ ਫਿਰਕੂ ਧਰੁਵੀਕਰਨ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਕੀ ਚੋਣ ਕਮਿਸ਼ਨ ਨੇ ਉਨ੍ਹਾ ਨੂੰ ਝੂਠ ਬੋਲਣ ਦੀ ਆਗਿਆ ਦਿੱਤੀ ਹੋਈ ਹੈ। ਜਦ ਚੋਣ ਕਮਿਸ਼ਨ ਹਰ ਗੱਲ 'ਚ ਦਖਲ ਦਿੰਦਾ ਹੈ ਤਾਂ ਇਸ ਮੁੱਦੇ 'ਤੇ ਖਾਮੋਸ਼ ਕਿਉਂ ਹੈ। ਕਮਿਸ਼ਨ ਨੂੰ ਅਜ਼ਾਦਾਨਾ ਤੇ ਨਿਰਪੱਖ ਚੋਣਾਂ ਯਕੀਨੀ ਬਣਾਉਣੀਆਂ ਚਾਹੀਦੀਆਂ ਹਨ।

ਇਸੇ ਦੌਰਾਨ ਅਭਿਸ਼ੇਕ ਮਨੂੰ ਸਿੰਘਵੀ ਦੀ ਅਗਵਾਈ ਵਿਚ ਕਾਂਗਰਸੀ ਵਫਦ ਨੇ ਚੋਣ ਕਮਿਸ਼ਨ ਨੂੰ ਮੋਦੀ ਖਿਲਾਫ ਸ਼ਿਕਾਇਤ ਦਿੱਤੀ ਹੈ। ਸਿੰਘਵੀ ਨੇ ਕਿਹਾ—ਅਸੀਂ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਸਤਿਕਾਰ ਕਰਦੇ ਹਾਂ, ਪਰ ਉਹ ਜਿੰਨੇ ਉੱਚੇ ਅਹੁਦੇ 'ਤੇ ਹਨ, ਓਨੇ ਹੀ ਸੰਜਮ ਦੀ ਉਨ੍ਹਾ ਤੋਂ ਆਸ ਕੀਤੀ ਜਾਂਦੀ ਹੈ। ਬਦਕਿਸਮਤੀ ਨਾਲ ਉਨ੍ਹਾ ਇੰਤਹਾਈ ਇਤਰਾਜ਼ਯੋਗ ਗੱਲਾਂ ਕੀਤੀਆਂ ਹਨ। ਪ੍ਰਧਾਨ ਮੰਤਰੀ ਤੋਂ ਇਸ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਅਸੀਂ ਹੱਥ ਜੋੜ ਕੇ ਬੇਨਤੀ ਕਰਦੇ ਹਾਂ ਕਿ ਉਹ ਆਪਣੀਆਂ ਟਿੱਪਣੀਆਂ ਵਾਪਸ ਲੈ ਲੈਣ। ਪ੍ਰਧਾਨ ਮੰਤਰੀ ਬਿਨਾਂ ਕਿਸੇ ਰੋਕ-ਟੋਕ ਦੇ ਚੋਣ ਪ੍ਰਚਾਰ ਦੌਰਾਨ ਧਾਰਮਕ ਜਜ਼ਬਾਤ ਭੜਕਾ ਰਹੇ ਹਨ। ਸਿੰਘਵੀ ਨੇ ਕਿਹਾ ਕਿ ਕਾਂਗਰਸ ਨੇ ਪ੍ਰਧਾਨ ਮੰਤਰੀ ਤੇ ਭਾਜਪਾ ਆਗੂਆਂ ਖਿਲਾਫ ਕਈ ਸ਼ਿਕਾਇਤਾਂ ਕੀਤੀਆਂ ਹਨ, ਪਰ ਚੋਣ ਕਮਿਸ਼ਨ ਨੇ ਕੋਈ ਕਾਰਵਾਈ ਨਹੀਂ ਕੀਤੀ। ਕੀ ਚੋਣ ਕਮਿਸ਼ਨ ਕਿਸੇ ਹੋਰ ਉਮੀਦਵਾਰ ਨੂੰ ਐਨੀ ਹੈਂਕੜ ਨਾਲ ਵਾਰ-ਵਾਰ ਦੇਸ਼ ਦੇ ਕਾਨੂੰਨਾਂ ਦੀ ਉਲੰਘਣਾ ਕਰਨ ਦੀ

● ਬਾਕੀ ਸਫ਼ਾ 2 'ਤੇ

## ਡਾ. ਮਨਮੋਹਨ ਸਿੰਘ ਨੇ ਅਸਲ 'ਚ ਇਹ ਕਿਹਾ ਸੀ...



ਵੇਲੇ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ 9 ਦਸੰਬਰ 2006 ਵਿਚ ਕੌਮੀ ਵਿਕਾਸ ਕੌਂਸਲ ਦੀ ਮੀਟਿੰਗ ਵਿਚ ਅੰਗਰੇਜ਼ੀ ਵਿਚ ਦਿੱਤੇ ਭਾਸ਼ਣ ਵਿਚ ਕਿਹਾ ਸੀ-ਮੈਂ ਮੰਨਦਾ ਹਾਂ ਕਿ ਸਾਡੀਆਂ ਸਮੂਹਕ ਤਰਜੀਹਾਂ ਸਾਫ ਹਨ। ਇਹ ਹਨ ਖੇਤੀ, ਸਿੰਜਾਈ-ਜਲ ਸਾਧਨ, ਸਿਹਤ, ਸਿੱਖਿਆ, ਪੇਂਡੂ ਬੁਨਿਆਦੀ ਢਾਂਚੇ ਵਿਚ ਅਹਿਮ ਨਿਵੇਸ਼ ਤੇ ਆਮ ਬੁਨਿਆਦੀ ਢਾਂਚੇ ਲਈ ਜ਼ਰੂਰੀ ਜਨਤਕ ਨਿਵੇਸ਼। ਇਸ ਦੇ ਨਾਲ ਹੀ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ, ਹੋਰਨਾਂ ਪੱਛੜੇ ਵਰਗਾਂ ਨੂੰ ਉੱਚਾ ਚੁੱਕਣ ਲਈ ਪ੍ਰੋਗਰਾਮ, ਘੱਟਗਿਣਤੀਆਂ, ਮਹਿਲਾਵਾਂ ਤੇ ਬੱਚਿਆਂ ਲਈ ਪ੍ਰੋਗਰਾਮ ਵੀ ਸਮੂਹਕ ਤਰਜੀਹਾਂ ਹਨ। ਅਨੁਸੂਚਿਤ ਜਾਤਾਂ ਤੇ ਅਨੁਸੂਚਿਤ ਜਨਜਾਤੀਆਂ ਲਈ ਯੋਜਨਾਵਾਂ ਨੂੰ ਪੁਨਰਜੀਵਤ ਕਰਨ ਦੀ ਲੋੜ ਹੈ। ਸਾਨੂੰ ਨਵੀਆਂ ਯੋਜਨਾਵਾਂ ਲਿਆ ਕੇ ਯਕੀਨੀ ਬਣਾਉਣਾ ਹੋਵੇਗਾ ਕਿ ਘੱਟਗਿਣਤੀਆਂ ਦਾ ਅਤੇ ਖਾਸਕਰ ਮੁਸਲਮਾਨਾਂ ਨੂੰ ਵੀ ਉੱਚਾ ਚੁੱਕਿਆ ਜਾ ਸਕੇ, ਉਨ੍ਹਾਂ ਨੂੰ ਵਿਕਾਸ ਦਾ ਫਾਇਦਾ ਮਿਲ ਸਕੇ। ਇਨ੍ਹਾਂ ਸਭ ਦਾ ਵਸੀਲਿਆਂ 'ਤੇ ਪਹਿਲਾ ਅਧਿਕਾਰ ਹੈ। ਕੇਂਦਰ 'ਤੇ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਹਨ ਅਤੇ ਪੂਰੇ ਵਸੀਲਿਆਂ ਨੂੰ ਉਪਲੱਬਧਤਾ ਵਿਚ ਸਾਰੀਆਂ ਲੋੜਾਂ ਨੂੰ ਸ਼ਾਮਲ ਕਰਨਾ ਹੋਵੇਗਾ। ਇਸ ਤਰ੍ਹਾਂ ਮਨਮੋਹਨ ਸਿੰਘ ਨੇ ਕਿਤੇ ਨਹੀਂ ਕਿਹਾ ਕਿ ਦੇਸ਼ ਦੇ ਵਸੀਲਿਆਂ 'ਤੇ ਇਕ ਭਾਈਚਾਰੇ (ਮੁਸਲਮਾਨਾਂ) ਦਾ ਪਹਿਲਾ ਅਧਿਕਾਰ ਹੈ। ਉਨ੍ਹਾਂ ਅਨੁਸੂਚਿਤ ਜਾਤਾਂ, ਅਨੁਸੂਚਿਤ ਜਨਜਾਤੀਆਂ, ਓ ਬੀ ਸੀ, ਮਹਿਲਾਵਾਂ, ਬੱਚਿਆਂ ਤੇ ਘੱਟਗਿਣਤੀਆਂ, ਸਭ ਦੀ ਗੱਲ ਕਹੀ ਸੀ।

# ਹਰਸਿਮਰਤ ਬਠਿੰਡਾ ਤੋਂ ਹੀ ਡਟੇਗੀ ਕੇਪੀ ਜਲੰਧਰ ਤੋਂ ਲੜਨਗੇ

## ਲੁਧਿਆਣਾ ਤੋਂ ਰਣਜੀਤ ਢਿੱਲੋਂ, ਹੁਸ਼ਿਆਰਪੁਰ ਤੋਂ ਠੰਡਲ, ਫਿਰੋਜ਼ਪੁਰ ਤੋਂ ਬੌਬੀ ਮਾਨ ਤੇ ਚੰਡੀਗੜ੍ਹ ਤੋਂ ਹਰਦੀਪ ਸੈਣੀ, ਖਡੂਰ ਸਾਹਿਬ ਦਾ ਉਮੀਦਵਾਰ ਬਚਿਆ

**ਜਲੰਧਰ (ਸੁਰਿੰਦਰ ਕੁਮਾਰ, ਸ਼ੈਲੀ ਐਲਬਰਟ, ਇਕਬਾਲ ਸਿੰਘ ਉੱਭੀ)**




ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਲੋਕ ਸਭਾ ਚੋਣਾਂ ਲਈ ਸੋਮਵਾਰ 6 ਹੋਰ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤਾ। ਜਲੰਧਰ ਤੋਂ ਮਹਿੰਦਰ ਸਿੰਘ ਕੇਪੀ, ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ, ਲੁਧਿਆਣਾ ਤੋਂ ਰਣਜੀਤ ਸਿੰਘ ਢਿੱਲੋਂ, ਹੁਸ਼ਿਆਰਪੁਰ ਤੋਂ ਸੋਹਣ ਸਿੰਘ ਠੰਡਲ, ਫਿਰੋਜ਼ਪੁਰ ਤੋਂ ਨਰਦੇਵ ਸਿੰਘ ਬੌਬੀ ਮਾਨ ਅਤੇ ਚੰਡੀਗੜ੍ਹ ਤੋਂ ਹਰਦੀਪ ਸਿੰਘ ਸੈਣੀ ਉਮੀਦਵਾਰ ਬਣਾਏ ਗਏ ਹਨ। ਅਕਾਲੀ ਦਲ ਆਨੰਦਪੁਰ ਸਾਹਿਬ, ਪਟਿਆਲਾ, ਗੁਰਦਾਸਪੁਰ, ਫਰੀਦਕੋਟ, ਫਤਿਹਗੜ੍ਹ ਸਾਹਿਬ ਤੇ ਸੰਗਰੂਰ ਦੇ ਉਮੀਦਵਾਰਾਂ ਦਾ ਐਲਾਨ ਪਹਿਲਾਂ ਹੀ ਕਰ ਚੁੱਕਾ ਹੈ। ਹੁਣ ਸਿਰਫ ਖਡੂਰ ਸਾਹਿਬ ਦੀ ਸੀਟ ਦੇ ਉਮੀਦਵਾਰ ਦਾ ਐਲਾਨ ਰਹਿ ਗਿਆ ਹੈ।

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਤੇ ਸਾਬਕਾ ਮੰਤਰੀ ਕੇਪੀ ਸੋਮਵਾਰ ਹੀ ਅਕਾਲੀ ਦਲ ਵਿਚ ਸ਼ਾਮਲ ਹੋਏ ਸਨ। ਕੇਪੀ ਨੂੰ ਅਕਾਲੀ ਦਲ ਵਿਚ ਸ਼ਾਮਲ ਕਰਨ ਲਈ ਪ੍ਰਧਾਨ ਸੁਖਬੀਰ ਸਿੰਘ ਬਾਦਲ ਇੱਥੇ ਉਨ੍ਹਾ ਦੀ ਰਿਹਾਇਸ਼ 'ਤੇ ਗਏ। ਇਸ ਮੌਕੇ ਕੇਪੀ ਨੇ ਕਿਹਾ ਕਿ ਕਾਂਗਰਸ ਨੇ ਉਨ੍ਹਾ ਦੇ ਟਕਸਾਲੀ ਪਰਵਾਰ ਨੂੰ ਲਗਾਤਾਰ ਅਣਗੌਲਿਆ, ਜਿਸ ਕਾਰਨ ਉਨ੍ਹਾ ਇਹ ਫੈਸਲਾ ਲਿਆ। ਕੇਪੀ ਜਲੰਧਰ ਲੋਕ ਸਭਾ ਹਲਕੇ ਤੋਂ ਕਾਂਗਰਸ ਦੀ ਟਿਕਟ ਦੇ ਦਾਅਵੇਦਾਰ ਸਨ, ਪਰ ਕਾਂਗਰਸ ਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਟਿਕਟ ਦੇ ਦਿੱਤੀ।

ਭਾਜਪਾ ਸੁਸ਼ੀਲ ਰਿੰਕੂ ਤੇ ਆਮ ਆਦਮੀ ਪਾਰਟੀ ਪਵਨ ਕੁਮਾਰ ਟੀਨੂੰ ਨੂੰ ਪਹਿਲਾਂ ਹੀ ਆਪਣਾ ਉਮੀਦਵਾਰ ਐਲਾਨ ਚੁੱਕੀ ਹੈ। ਕੇਂਦਰ ਵਿਚ ਮੰਤਰੀ ਰਹਿ ਚੁੱਕੀ ਹਰਸਿਮਰਤ ਕੌਰ ਬਾਦਲ ਬਠਿੰਡਾ ਤੋਂ ਹੈਟ੍ਰਿਕ ਬਣਾ ਚੁੱਕੀ ਹੈ।

ਆਪ ਨੇ ਇਸ ਹਲਕੇ ਵਿਚ ਆਪਣੇ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਉਤਾਰਿਆ ਹੈ। ਭਾਜਪਾ ਨੇ ਪਰਮਪਾਲ ਕੌਰ ਸਿੱਧੂ ਨੂੰ ਉਮੀਦਵਾਰ ਬਣਾਇਆ ਹੈ, ਜਿਸ ਦੇ ਸਹੁਰਾ ਸਾਹਿਬ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਹਨ। ਕਾਂਗਰਸ ਵੱਲੋਂ ਉਤਾਰੇ ਗਏ ਜੀਤ ਮਹਿੰਦਰ ਸਿੰਘ ਸਿੱਧੂ ਅਕਾਲੀ ਦਲ ਨਾਲ ਵੀ ਕਾਫੀ ਸਮਾਂ ਜੁੜੇ ਰਹੇ ਹਨ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਲੱਖਾ ਸਿਧਾਣਾ ਹਨ।

## ਗੁਕੇਸ਼ ਨੇ ਇਤਿਹਾਸ ਰਚਿਆ



**ਟੋਰਾਂਟੋ :** ਭਾਰਤ ਦੇ 17 ਸਾਲਾ ਗ੍ਰੈਂਡਮਾਸਟਰ ਡੀ ਗੁਕੇਸ਼ ਨੇ ਕੈਂਡੀਡੇਟਸ ਸ਼ਤਰੰਜ ਟੂਰਨਾਮੈਂਟ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ ਤੇ ਵਿਸ਼ਵ ਚੈਂਪੀਅਨਸ਼ਿਪ ਖਿਤਾਬ ਲਈ ਸਭ ਤੋਂ ਘੱਟ ਉਮਰ ਦਾ ਚੈਲੇਂਜਰ ਬਣ ਗਿਆ। ਉਸ ਨੇ ਗੈਰੀ ਕਾਸਪਾਰੋਵ ਦਾ 40 ਸਾਲ ਪੁਰਾਣਾ ਰਿਕਾਰਡ ਤੋੜ ਦਿੱਤਾ। ਗੁਕੇਸ਼ ਨੇ 14ਵੇਂ ਅਤੇ ਆਖਰੀ ਦੌਰ 'ਚ ਅਮਰੀਕਾ ਦੇ ਹਿਕਾਰੂ ਨਾਕਾਮੁਰਾ ਨਾਲ ਡਰਾਅ ਖੇਡਿਆ। ਚੇਨਈ ਦੇ ਰਹਿਣ ਵਾਲੇ ਗੁਕੇਸ਼ ਨੇ ਕਾਸਪਾਰੋਵ ਦਾ ਰਿਕਾਰਡ ਤੋੜਿਆ। ਕਾਸਪਾਰੋਵ 1984 'ਚ 22 ਸਾਲਾਂ ਦਾ ਸੀ, ਜਦੋਂ ਉਸ ਨੇ ਵਿਸ਼ਵ ਚੈਂਪੀਅਨਸ਼ਿਪ ਖਿਤਾਬ ਲਈ ਰੂਸ ਦੇ ਅਨਾਤੋਲੀ ਕਾਰਪੋਵ ਨੂੰ ਚੁਣੌਤੀ ਦਿੱਤੀ ਸੀ।

## ਅਮਰੀਕੀ ਸੰਸਥਾ ਨੇ ਸੀ ਏ ਏ 'ਤੇ ਸ਼ੰਕਾ ਪ੍ਰਗਟਾਈ

**ਵਾਸ਼ਿੰਗਟਨ :** ਅਮਰੀਕੀ ਸੰਸਦ ਦੀ ਆਜ਼ਾਦ ਖੋਜ ਇਕਾਈ ਵੱਲੋਂ ਜਾਰੀ ਕੀਤੀ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਵਿਚ ਇਸ ਸਾਲ ਲਾਗੂ ਕੀਤੇ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਵਿਚਲੀਆਂ ਵਿਵਸਥਾਵਾਂ ਭਾਰਤੀ ਸੰਵਿਧਾਨ ਦੀਆਂ ਕੁਝ ਧਾਰਾਵਾਂ ਦੀ ਉਲੰਘਣਾ ਕਰ ਸਕਦੀਆਂ ਹਨ। ਸੀ ਏ ਏ ਨੂੰ ਇਸ ਸਾਲ ਮਾਰਚ 'ਚ ਭਾਰਤ ਦੇ ਨਾਗਰਿਕਤਾ ਕਾਨੂੰਨ 1955 'ਚ ਸੋਧ ਕਰਕੇ ਲਾਗੂ ਕੀਤਾ ਗਿਆ। ਕਾਂਗਰੇਸ਼ਨਲ ਰਿਸਰਚ ਸਰਵਿਸ ਦੀ 'ਇਨ ਫੋਕਸ' ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਸੀ ਏ ਏ ਦੀਆਂ ਮੁੱਖ ਵਿਵਸਥਾਵਾਂ ਭਾਰਤੀ ਸੰਵਿਧਾਨ ਦੀਆਂ ਕੁਝ ਧਾਰਾਵਾਂ ਦੀ ਉਲੰਘਣਾ ਕਰ ਸਕਦੀਆਂ ਹਨ।

## ਮੁਈਜ਼ੂ ਦੀ ਪਾਰਟੀ ਦੀ ਵੱਡੀ ਜਿੱਤ

**ਮਾਲੇ :** ਮਾਲਦੀਵ ਦੇ ਰਾਸ਼ਟਰਪਤੀ ਮੁਹੰਮਦ ਮੁਈਜ਼ੂ ਦੀ ਪਾਰਟੀ ਨੇ ਸੰਸਦੀ ਚੋਣਾਂ 'ਚ 70 ਸੀਟਾਂ ਜਿੱਤ ਕੇ ਭਾਰੀ ਬਹੁਮਤ ਹਾਸਲ ਕਰ ਲਿਆ ਹੈ। ਇਸ ਚੋਣ ਨੂੰ ਰਾਸ਼ਟਰਪਤੀ ਮੁਈਜ਼ੂ ਲਈ ਬਹੁਤ ਅਹਿਮ ਮੰਨਿਆ ਜਾ ਰਿਹਾ ਹੈ, ਜਿਨ੍ਹਾਂ ਦੀਆਂ ਨੀਤੀਆਂ 'ਤੇ ਭਾਰਤ ਅਤੇ ਚੀਨ ਦੀ ਨਜ਼ਰ ਰਹਿੰਦੀ ਹੈ। ਮੁਈਜ਼ੂ ਦੀ ਪੀਪਲਜ਼ ਨੈਸ਼ਨਲ ਕਾਂਗਰਸ (ਪੀ ਐੱਨ ਸੀ) ਨੇ 20ਵੀਂ 'ਪੀਪਲਜ਼ ਮਜਲਿਸ' (ਸੰਸਦ) 'ਚ 93 ਵਿੱਚੋਂ 70 ਸੀਟਾਂ ਜਿੱਤੀਆਂ। ਇਸ ਨਾਲ ਉਸ ਨੂੰ ਸੰਵਿਧਾਨ 'ਚ ਸੋਧ ਕਰਨ ਦੀ ਸ਼ਕਤੀ ਮਿਲ ਗਈ ਹੈ। ਮੁਈਜ਼ੂ ਨੂੰ ਚੀਨ ਨਵਾਜ਼ ਸਮਝਿਆ ਜਾਂਦਾ ਹੈ।

## ਈਰਾਨੀ ਰਾਸ਼ਟਰਪਤੀ ਪਾਕਿਸਤਾਨ ਦੌਰੇ 'ਤੇ

**ਇਸਲਾਮਾਬਾਦ :** ਈਰਾਨ ਦੇ ਰਾਸ਼ਟਰਪਤੀ ਇਬਰਾਹਿਮ ਰਾਇਸੀ ਸੋਮਵਾਰ ਪਾਕਿਸਤਾਨ ਦੀ ਸਿਖਰਲੀ ਲੀਡਰਸ਼ਿਪ ਨੂੰ ਮਿਲਣ ਲਈ ਤਿੰਨ ਦਿਨਾਂ ਸਰਕਾਰੀ ਦੌਰੇ 'ਤੇ ਇੱਥੇ ਪਹੁੰਚੇ। ਪਾਕਿਸਤਾਨ ਵਿੱਚ 8 ਫਰਵਰੀ ਨੂੰ ਹੋਈਆਂ ਆਮ ਚੋਣਾਂ ਤੋਂ ਬਾਅਦ ਕਿਸੇ ਵੀ ਦੇਸ਼ ਦੇ ਮੁਖੀ ਦੀ ਇਹ ਪਹਿਲੀ ਯਾਤਰਾ ਹੈ।

## ਪਹਿਲੀ ਸੀਟ ਭਾਜਪਾ ਦੀ



**ਅਹਿਮਦਾਬਾਦ :** ਗੁਜਰਾਤ ਦੇ ਸੂਰਤ ਲੋਕ ਸਭਾ ਹਲਕੇ ਦੀ ਚੋਣ ਭਾਜਪਾ ਦੇ ਉਮੀਦਵਾਰ ਨੇ ਬਿਨਾਂ ਮੁਕਾਬਲਾ ਜਿੱਤ ਲਈ ਹੈ। ਕਾਂਗਰਸ ਦੇ ਉਮੀਦਵਾਰ ਨੀਲੇਸ਼ ਕੁੰਭਾਣੀ ਦੇ ਕਾਗਜ਼ ਗਵਾਹਾਂ ਦੇ ਨਾਂਅ ਤੇ ਦਸਤਖਤਾਂ ਵਿਚ ਨੁਕਸ ਕਾਰਨ ਰੱਦ ਕਰ ਦਿੱਤੇ ਗਏ ਸਨ ਤੇ ਹੋਰਨਾਂ ਨੇ ਨਾਂਅ ਵਾਪਸ ਲੈ ਲਏ। ਸਿਰਫ ਭਾਜਪਾ ਦੇ ਹੀ ਮੁਕੇਸ਼ ਦਲਾਲ ਮੈਦਾਨ ਵਿਚ ਰਹਿ ਗਏ ਸਨ।

## ਕੇਜਰੀਵਾਲ ਦੀ ਜਾਂਚ ਏਮਜ਼ ਦਾ ਬੋਰਡ ਕਰੇਗਾ



**ਨਵੀਂ ਦਿੱਲੀ :** ਸੀ ਬੀ ਆਈ ਅਤੇ ਈ ਡੀ ਕੇਸਾਂ ਲਈ ਸਪੈਸ਼ਲ ਜੱਜ ਕਾਵੇਰੀ ਬਵੇਜਾ ਨੇ ਸੋਮਵਾਰ ਏਮਜ਼ ਨੂੰ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਡਾਕਟਰੀ ਜਾਂਚ ਲਈ ਮੈਡੀਕਲ ਬੋਰਡ ਕਾਇਮ ਕਰਨ ਦੇ ਨਿਰਦੇਸ਼ ਦਿੱਤੇ। ਬੋਰਡ ਤੈਅ ਕਰੇਗਾ ਕਿ ਕੀ ਕੇਜਰੀਵਾਲ ਨੂੰ ਆਪਣੇ ਬਲੱਡ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਕਰਨ ਲਈ ਇਨਸੁਲਿਨ ਦੀ ਲੋੜ ਹੈ ਜਾਂ ਨਹੀਂ। ਇਸ ਤੋਂ ਇਲਾਵਾ ਬੋਰਡ ਉਨ੍ਹਾ ਦੀ ਸਿਹਤ ਨਾਲ ਜੁੜੇ ਹੋਰ ਪਹਿਲੂਆਂ 'ਤੇ ਵੀ ਗੌਰ ਕਰੇਗਾ। ਉਨ੍ਹਾ ਵੀਡੀਓ ਕਾਨਫਰੰਸਿੰਗ ਰਾਹੀਂ ਆਪਣੇ ਡਾਕਟਰ ਨਾਲ ਸਲਾਹ ਕਰਨ ਲਈ ਕੇਜਰੀਵਾਲ ਦੀ ਅਰਜ਼ੀ ਨੂੰ ਰੱਦ ਕਰਦੇ ਹੋਏ ਇਹ ਹੁਕਮ ਦਿੱਤਾ।

## ਰਣਵੀਰ ਸਿੰਘ 'ਡੀਪਫੇਕ' ਵੀਡੀਓ ਤੋਂ ਪ੍ਰੇਸ਼ਾਨ

**ਨਵੀਂ ਦਿੱਲੀ :** ਅਭਿਨੇਤਾ ਰਣਵੀਰ ਸਿੰਘ ਨੇ 'ਡੀਪਫੇਕ' ਵੀਡੀਓ ਫੈਲਾਉਣ ਵਾਲੇ ਸੋਸ਼ਲ ਮੀਡੀਆ ਹੈਂਡਲ ਖਿਲਾਫ ਐੱਫ ਆਈ ਆਰ ਦਰਜ ਕਰਵਾਈ ਹੈ। ਪਿਛਲੇ ਹਫਤੇ ਉਨ੍ਹਾ ਦਾ ਵੀਡੀਓ ਇੰਟਰਨੈੱਟ 'ਤੇ ਵਾਇਰਲ ਹੋਇਆ ਸੀ, ਜਿਸ 'ਚ ਉਹ ਆਪਣੇ ਸਿਆਸੀ ਵਿਚਾਰ ਪ੍ਰਗਟ ਕਰਦੇ ਹੋਏ ਦੇਖੇ ਜਾ ਸਕਦੇ ਹਨ। 'ਕਲਿੱਪ' ਉਸ ਇੰਟਰਵਿਊ ਦਾ ਹਿੱਸਾ ਹੈ, ਜੋ ਉਨ੍ਹਾ ਵਾਰਾਨਸੀ 'ਚ ਫੈਸ਼ਨ ਸ਼ੋਅ ਲਈ ਦਿੱਤੀ ਸੀ।

ਅਜਿਹਾ ਲਗਦਾ ਹੈ ਕਿ ਅਸਲੀ ਕਲਿੱਪ ਵਿਚ ਆਰਟੀਫਿਸ਼ੀਅਲ ਇੰਟੈਲੀਜੈਂਸ ਤਕਨੀਕ ਦੀ ਵਰਤੋਂ ਨਾਲ ਛੇੜਛਾੜ ਕੀਤੀ ਗਈ ਹੈ।

## ਕਾਰ-ਬੱਸ ਦੀ ਟੱਕਰ 'ਚ ਫੌਜੀ ਦੀ ਮੌਤ, ਮੰਗੇਤਰ ਜ਼ਖ਼ਮੀ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਪਟਿਆਲਾ ਰਾਜ ਮਾਰਗ 'ਤੇ ਸੋਮਵਾਰ ਬਾਅਦ ਦੁਪਹਿਰ ਘੱਗਾ ਨੇੜੇ ਨਿਰੰਕਾਰੀ ਸਤਿਸੰਗ ਭਵਨ ਕੋਲ ਬੱਸ ਅਤੇ ਮਾਰੂਤੀ ਕਾਰ ਦੀ ਟੱਕਰ 'ਚ ਕਾਰ ਚਾਲਕ ਫੌਜੀ ਦੀ ਮੌਤ ਹੋ ਗਈ, ਜਦਕਿ ਉਸ ਦੀ ਮੰਗੇਤਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ।

ਫੌਜੀ ਪ੍ਰਦੀਪ ਸਿੰਘ (24) ਪੁੱਤਰ ਚਮਕੌਰ ਸਿੰਘ ਵਾਸੀ ਪਿੰਡ ਕਪਿਆਲ, ਜ਼ਿਲ੍ਹਾ ਸੰਗਰੂਰ ਅਤੇ ਉਸ ਦੀ ਮੰਗੇਤਰ ਪੂਜਾ ਰਾਣੀ ਪੁੱਤਰੀ ਬਲਵਾਨ ਸਿੰਘ ਵਾਸੀ ਸ਼ੁਤਰਾਣਾ, ਪਟਿਆਲਾ ਤੋਂ ਪਾਤੜਾਂ ਵੱਲ ਜਾ ਰਹੇ ਸਨ ਤਾਂ ਘੱਗਾ ਨੇੜੇ ਹਾਦਸਾ ਵਾਪਰ ਗਿਆ। ਇਸ ਦੌਰਾਨ ਪ੍ਰਦੀਪ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ।

## 8 ਸਾਲ ਤੋਂ ਲੱਗੇ 25 ਹਜ਼ਾਰ ਤੋਂ ਵੱਧ ਮਾਸਟਰਾਂ ਦੀ ਨੌਕਰੀ ਜਾਂਦੀ ਲੱਗੀ

**ਕੋਲਕਾਤਾ :** ਕਲਕੱਤਾ ਹਾਈ ਕੋਰਟ ਨੇ ਪੱਛਮੀ ਬੰਗਾਲ ਸਰਕਾਰ ਵੱਲੋਂ ਸਪਾਂਸਰ ਅਤੇ ਸਹਾਇਤਾ ਪ੍ਰਾਪਤ ਸਕੂਲਾਂ 'ਚ 2016 'ਚ ਰਾਜ ਪੱਧਰੀ ਪ੍ਰੀਖਿਆ ਰਾਹੀਂ ਕੀਤੀ ਟੀਚਿੰਗ ਤੇ ਨਾਨ-ਟੀਚਿੰਗ ਆਸਾਮੀਆਂ 'ਤੇ ਭਰਤੀ ਨੂੰ ਰੱਦ ਕਰ ਦਿੱਤਾ ਹੈ। ਇਸ ਦੇ ਨਾਲ ਹਾਈ ਕੋਰਟ ਨੇ ਸੀ ਬੀ ਆਈ ਨੂੰ 2016 'ਚ ਪੱਛਮੀ ਬੰਗਾਲ ਦੇ ਸਕੂਲਾਂ 'ਚ ਭਰਤੀ 'ਚ ਗੜਬੜੀਆਂ ਦੀ ਜਾਂਚ ਕਰਨ ਦਾ ਹੁਕਮ ਦਿੱਤਾ ਹੈ। 24640 ਆਸਾਮੀਆਂ ਲਈ 23 ਲੱਖ ਤੋਂ ਵੱਧ ਉਮੀਦਵਾਰਾਂ ਨੇ ਪ੍ਰੀਖਿਆ ਦਿੱਤੀ ਸੀ। ਖਾਲੀ ਆਸਾਮੀਆਂ ਲਈ 25753 ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਫੈਸਲੇ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਭਾਜਪਾ ਨੇਤਾ ਨਿਆਂਪਾਲਿਕਾ ਅਤੇ ਉਸ ਦੇ ਫੈਸਲਿਆਂ ਨੂੰ ਪ੍ਰਭਾਵਤ ਕਰ ਰਹੇ ਹਨ। ਉਨ੍ਹਾ ਕਿਹਾ ਕਿ ਇਹ ਫੈਸਲਾ ਗਲਤ ਹੈ ਤੇ ਇਸ ਨੂੰ ਚੁਣੌਤੀ ਦਿੱਤੀ ਜਾਵੇਗੀ। ਸਰਕਾਰ ਉਨ੍ਹਾਂ ਨਾਲ ਖੜ੍ਹੀ ਹੈ, ਜਿਨ੍ਹਾਂ ਦੀਆਂ ਨੌਕਰੀਆਂ ਗਈਆਂ ਹਨ।

## ਮੋਨੂੰ 'ਤੇ ਜ਼ਮਾਨਤ ਸ਼ਰਤ ਦੀ ਉਲੰਘਣਾ ਦਾ ਦੋਸ਼



**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਸੋਮਵਾਰ ਕਿਹਾ ਕਿ ਲਖੀਮਪੁਰ ਖੀਰੀ ਹਿੰਸਾ ਮਾਮਲੇ ਦੇ ਮੁਲਜ਼ਮਾਂ ਵਿੱਚੋਂ ਇੱਕ ਕੇਂਦਰੀ ਮੰਤਰੀ ਅਜੈ ਕੁਮਾਰ ਮਿਸ਼ਰਾ ਦਾ ਪੁੱਤਰ ਆਸ਼ੀਸ਼ ਮਿਸ਼ਰਾ ਮੋਨੂੰ ਜੇ ਸਿਆਸੀ ਸਮਾਗਮਾਂ 'ਚ ਸ਼ਾਮਲ ਹੁੰਦਾ ਹੈ ਤਾਂ ਇਹ ਉਸ ਦੀ ਜ਼ਮਾਨਤ ਦੀਆਂ ਸ਼ਰਤਾਂ ਦੀ ਉਲੰਘਣਾ ਹੋਵੇਗੀ। ਪਿਛਲੇ ਸਾਲ 25 ਜਨਵਰੀ ਨੂੰ ਸੁਪਰੀਮ ਕੋਰਟ ਨੇ ਲਖੀਮਪੁਰ ਖੀਰੀ 'ਚ 2021 'ਚ ਹਿੰਸਾ ਦੀ ਮੰਦਭਾਗੀ ਭਿਆਨਕ ਘਟਨਾ, ਜਿਸ 'ਚ ਅੱਠ ਵਿਅਕਤੀਆਂ ਦੀ ਮੌਤ ਹੋ ਗਈ ਸੀ, ਵਿਚ ਮੋਨੂੰ ਨੂੰ ਅੰਤਰਮ ਜ਼ਮਾਨਤ ਦਿੱਤੀ ਅਤੇ ਉਸ ਨੂੰ ਇਸ ਮਿਆਦ ਦੌਰਾਨ ਉੱਤਰ ਪ੍ਰਦੇਸ਼ ਜਾਂ ਦਿੱਲੀ 'ਚ ਨਾ ਰਹਿਣ ਲਈ ਕਿਹਾ ਸੀ।

ਜਸਟਿਸ ਸੂਰੀਆ ਕਾਂਤ ਅਤੇ ਜਸਟਿਸ ਪੀ ਐੱਸ ਨਰਸਿਮਹਾ ਦੀ ਬੈਂਚ ਅੱਗੇ ਪੀੜਤਾਂ ਦੇ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਦੋਸ਼ ਲਾਇਆ ਕਿ ਮੋਨੂੰ ਸਿਆਸੀ ਸਮਾਗਮਾਂ 'ਚ ਸ਼ਿਰਕਤ ਕਰ ਰਹੇ ਹਨ ਅਤੇ ਇੱਕ ਸਮਾਗਮ 'ਚ ਉਸ ਨੇ ਟਰਾਈਸਾਈਕਲ ਵੰਡੇ। ਬੈਂਚ ਨੇ ਜ਼ੁਬਾਨੀ ਤੌਰ 'ਤੇ ਕਿਹਾ, 'ਜੇ ਉਹ ਸਰੀਰਕ ਤੌਰ 'ਤੇ ਹਾਜ਼ਰ ਹੋ ਰਿਹਾ ਹੈ ਤਾਂ ਇਹ ਯਕੀਨੀ ਤੌਰ 'ਤੇ ਉਲੰਘਣਾ ਹੈ। ਭੂਸ਼ਣ ਨੇ ਕਿਹਾ ਕਿ ਮੋਨੂੰ ਸਿਖਰਲੀ ਅਦਾਲਤ ਦੁਆਰਾ ਤੈਅ ਜ਼ਮਾਨਤ ਸ਼ਰਤ ਦੀ ਉਲੰਘਣਾ ਕਰ ਰਿਹਾ ਹੈ, ਜਿਸ 'ਚ ਕਿਹਾ ਗਿਆ ਸੀ ਕਿ ਉਹ ਸਿਰਫ ਮੁਕੱਦਮੇ ਲਈ ਉੱਤਰ ਪ੍ਰਦੇਸ਼ 'ਚ ਦਾਖਲ ਹੋ ਸਕਦਾ ਹੈ ਪਰ ਉਸ ਨੇ ਹਾਲ ਹੀ 'ਚ ਉੱਤਰ ਪ੍ਰਦੇਸ਼ 'ਚ ਟਰਾਈਸਾਈਕਲ ਵੰਡਣ ਦੇ ਵੱਖ-ਵੱਖ ਸਮਾਗਮਾਂ 'ਚ ਹਿੱਸਾ ਲਿਆ ਹੈ। ਮੋਨੂੰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸਿਧਾਰਥ ਦਵੇ ਨੇ ਇਸ ਦਾ ਸਖਤ ਵਿਰੋਧ ਕੀਤਾ।

# ਨੌਜਵਾਨ ਪੀੜ੍ਹੀ ਨੂੰ ਲੈਨਿਨ ਦੇ ਜੀਵਨ ਫਲਸਫੇ ਤੋਂ ਪ੍ਰੇਰਨਾ ਲੈਣੀ ਚਾਹੀਦੀ : ਜਗਰੂਪ

**ਮੋਗਾ (ਇਕਬਾਲ ਸਿੰਘ ਖਹਿਰਾ)**



ਰੂਸ ਦੇ ਮਹਾਨ ਕ੍ਰਾਂਤੀਕਾਰੀ ਅਤੇ ਦੁਨੀਆ ਦੇ ਕਿਰਤ ਜਮਾਤ ਦੇ ਮਹਾਨ ਅਧਿਆਪਕ ਵੀ ਆਈ ਲੈਨਿਨ ਦੇ ਜਨਮ ਦਿਨ ਮੌਕੇ ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਪੰਜਾਬ ਵੱਲੋਂ ਸਥਾਨਕ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਬਨੇਗਾ ਵਲੰਟੀਅਰ ਸੰਮੇਲਨ ਕਰਵਾਇਆ ਗਿਆ, ਜਿਸ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚੋਂ ਵੱਡੀ ਗਿਣਤੀ ਵਿੱਚ ਨੌਜਵਾਨਾਂ ਅਤੇ ਵਿਦਿਆਰਥੀਆਂ ਵੱਲੋਂ ਭਗਤ ਸਿੰਘ ਦੀ ਫੋਟੋ ਅਤੇ ਬਨੇਗਾ ਵਾਲੀਆਂ ਟੀ ਸ਼ਰਟਾਂ ਪਹਿਨ ਕੇ ਸ਼ਮੂਲੀਅਤ ਕੀਤੀ ਗਈ।ਇਸ ਬਨੇਗਾ ਵਲੰਟੀਅਰ ਸੰਮੇਲਨ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਪਰਮਜੀਤ ਸਿੰਘ ਢਾਬਾਂ, ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾਰਾਏ, ਸੂਬਾ ਆਗੂ ਕਰਮਵੀਰ ਕੌਰ ਬਧਨੀ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਕੁਮਾਰ ਧਰਮੂ ਵਾਲਾ, ਸੂਬਾ ਸਕੱਤਰ ਪ੍ਰਿਤਪਾਲ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਕੀਤੀ। ਸਮਾਗਮ ਵਿੱਚ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਜਗਰੂਪ ਸਿੰਘ ਅਤੇ ਉੱਘੇ ਪੰਜਾਬੀ ਲੇਖਕ ਸੁਖਦੇਵ ਸਿੰਘ ਸਿਰਸਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸਮਾਗਮ ਦਾ ਉਦਘਾਟਨ ਕਰਨ ਵੇਲੇ ਸੁਖਦੇਵ ਸਿੰਘ ਸਿਰਸਾ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਵੱਲੋਂ ਰੂਸ ਦੇ ਮਹਾਨ ਇਨਕਲਾਬੀ ਵੀ ਆਈ ਲੈਨਿਨ ਦੇ ਜਨਮ ਦਿਨ ਮੌਕੇ ਕਰਵਾਇਆ ਗਿਆ ਇਹ ਸਮਾਗਮ ਬਹੁਤ ਹੀ ਮਹੱਤਵਪੂਰਨ ਅਤੇ ਸ਼ਲਾਘਾਯੋਗ ਹੈ ਅਤੇ ਇਹ ਇਸ ਗੱਲ ਦਾ ਸਬੂਤ ਹੈ ਕਿ ਅੱਜ ਵੀ ਨੌਜਵਾਨ ਪੀੜ੍ਹੀ ਮਹਾਨ ਇਨਕਲਾਬੀ ਲੈਨਿਨ ਦੀ ਵਿਚਾਰਧਾਰਾ ਦੀ ਧਾਰਨੀ ਹੈ ਅਤੇ ਉਹਦੀ ਵਿਚਾਰਧਾਰਾ 'ਤੇ ਚੱਲ ਕੇ ਆਪਣੀਆਂ ਮੁਸ਼ਕਲਾਂ ਦੀ ਬੰਦਖਲਾਸੀ ਲਈ ਉਪਰਾਲੇ ਅਤੇ ਸੰਘਰਸ਼ ਕਰ ਰਹੀ ਹੈ। ਉਨ੍ਹਾ ਇਸ ਸਮਾਗਮ ਮੌਕੇ ਨੌਜਵਾਨ ਪੀੜ੍ਹੀ ਨੂੰ ਥਾਪੜਾ ਦਿੰਦਿਆਂ ਕਿਹਾ ਕਿ ਜੇਕਰ ਉਹ ਮਹਾਨ ਲੈਨਿਨ, ਕਾਰਲ ਮਾਰਕਸ, ਪਰਮਗੁਣੀ ਭਗਤ ਸਿੰਘ ਅਤੇ ਦੁਨੀਆ ਦੇ ਮਹਾਨ ਇਨਕਲਾਬੀਆਂ ਦੀ ਵਿਚਾਰਧਾਰਾ 'ਤੇ ਚੱਲ ਕੇ ਆਪਣਾ ਸੰਘਰਸ਼ ਜਾਰੀ ਰੱਖਣਗੇ ਤਾਂ ਜਿੱਤ ਯਕੀਨੀ ਹੈ।

ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਜਗਰੂਪ ਸਿੰਘ ਨੇ ਕਿਹਾ ਕਿ ਅੱਜ ਆਰਟੀਫਿਸ਼ੀਅਲ ਇੰਟੈਲੀਜੈਂਸ ਦਾ ਦੌਰ ਹੈ, ਜਿਸ ਨੇ ਇੱਕ ਪਾਸੇ ਮਨੁੱਖ ਨੂੰ ਆਧੁਨਿਕ ਸਹੂਲਤਾਂ ਦੇ ਕੇ ਸੁਖਾਲਾ ਕੀਤਾ ਹੈ, ਪਰ ਦੂਜੇ ਪਾਸੇ ਇਸ ਬਨਾਵਟੀ ਬੁੱਧੀ ਦੀ ਵਰਤੋਂ ਦੇ ਚਲਣ ਨੇ ਦੁਨੀਆ ਦੇ ਵੱਡੇ ਵੱਡੇ ਦੇਸ਼ਾਂ ਦੀ ਵਿਕਾਸ ਦਰ ਨੂੰ ਜ਼ੀਰੋ ਦੇ ਬਰਾਬਰ ਕਰ ਦਿੱਤਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ 60 ਫੀਸਦੀ ਤੋਂ ਵੱਧ ਲੋਕਾਂ ਦਾ ਰੁਜ਼ਗਾਰ ਖੁਸਣ ਦਾ ਵੀ ਖਦਸ਼ਾ ਪੈਦਾ ਹੋ ਗਿਆ ਹੈ। ਉਹਨਾ ਕਿਹਾ ਕਿ ਜਦੋਂ

● ਬਾਕੀ ਸਫ਼ਾ 2 'ਤੇ




## ਅੱਜ-ਨਾਮਾ

ਨਕਸ਼ਾ ਹੁੰਦਾ ਪੰਜਾਬ ਵਿੱਚ ਸਾਫ ਲਗਦਾ,
ਕਿਹੜੀ ਸੀਟ ਉੱਤੇ ਕਿਹੜਾ ਲੜੂ ਮੀਆਂ।
ਕਿਹੜਾ ਪਾਰਟੀ ਵਿੱਚ ਹੀ ਰਹੂ ਟਿਕਿਆ,
ਕਿਹੜਾ ਵਿਹੜੇ ਬਿਗਾਨੇ ਜਾ ਵੜੂ ਮੀਆਂ।
ਉਮੀਦਵਾਰਾਂ ਦੀ ਸੂਚੀ ਸਭ ਆਈ ਜਾਂਦੀ,
ਸਾਫ ਹੁੰਦਾ ਕਿਸ ਨਾਲ ਕੌਣ ਅੜੂ ਮੀਆਂ।
ਕਿਸ ਨੂੰ ਮਿਲੀ ਹੈ ਟਿਕਟ ਤਾਂ ਖੁਸ਼ ਹੋਊ,
ਕਿਹੜਾ ਵੇਖ ਉਸ ਨੂੰ ਪਿਆ ਸੜੂ ਮੀਆਂ।
ਖੇਡ ਹਾਲੇ ਤੱਕ ਧਿਰਾਂ ਜਾਂ ਆਗੂਆਂ ਵਿੱਚ,
ਚਰਚਾ ਸੱਥਾਂ ਦੇ ਅੰਦਰ ਨਾ ਛਿੜੀ ਮੀਆਂ।
ਗੱਡੀ ਭਾਰਤ ਦੀ ਟਿਕੀ ਆ ਜੈੱਕ ਉੱਪਰ,
ਐਵੇਂ ਟਾਇਰ ਇਹਦੇ ਜਾਣ ਗਿੜੀ ਮੀਆਂ।

-ਤੀਸ ਮਾਰ ਖਾਂ

# 28,31,330 ਭਾਰਤੀ ਅਮਰੀਕੀ ਨਾਗਰਿਕ

## 65,960 ਨਾਗਰਿਕ 2022 'ਚ ਬਣੇ

**ਵਾਸ਼ਿੰਗਟਨ :** 2022 ਵਿਚ ਘੱਟੋ-ਘੱਟ 65,960 ਭਾਰਤੀ ਅਮਰੀਕੀ ਨਾਗਰਿਕ ਬਣ ਗਏ ਅਤੇ ਇਸ ਨਾਲ ਭਾਰਤ ਅਮਰੀਕੀ ਨਾਗਰਿਕਤਾ ਹਾਸਲ ਕਰਨ ਵਾਲੇ ਦੇਸ਼ਾਂ ਦੇ ਲੋਕਾਂ ਦੀ ਗਿਣਤੀ ਦੇ ਮਾਮਲੇ ਵਿਚ ਮੈਕਸੀਕੋ ਤੋਂ ਬਾਅਦ ਦੂਜੇ ਸਥਾਨ 'ਤੇ ਪਹੁੰਚ ਗਿਆ। ਯੂ ਐੱਸ ਜਨਗਣਨਾ ਬਿਊਰੋ ਦੇ ਅਮਰੀਕਨ ਕਮਿਊਨਿਟੀ ਸਰਵੇਖਣ ਦੇ ਅੰਕੜਿਆਂ ਅਨੁਸਾਰ 2022 'ਚ ਅੰਦਾਜ਼ਨ 4.6 ਕਰੋੜ ਵਿਦੇਸ਼ 'ਚ ਜਨਮੇ ਲੋਕ ਅਮਰੀਕਾ 'ਚ ਰਹਿੰਦੇ ਸਨ, ਜੋ 33.3 ਕਰੋੜ ਦੀ ਕੁੱਲ ਅਮਰੀਕੀ ਆਬਾਦੀ ਦਾ ਲੱਗਭੱਗ 14 ਫੀਸਦ ਹੈ। ਮੈਕਸੀਕੋ 'ਚ ਪੈਦਾ ਹੋਏ ਲੋਕਾਂ ਦੀ ਗਿਣਤੀ ਸਭ ਤੋਂ ਵੱਧ ਹੈ, ਜਿਨ੍ਹਾਂ ਨੂੰ ਅਮਰੀਕੀ ਨਾਗਰਿਕਤਾ ਮਿਲੀ ਸੀ। ਇਸ ਤੋਂ ਬਾਅਦ ਭਾਰਤ, ਫਿਲਪੀਨਜ਼, ਕਿਊਬਾ ਅਤੇ ਡੋਮਿਨਿਕਨ ਰਿਪਬਲਿਕ ਦੇ ਲੋਕਾਂ ਨੂੰ ਸਭ ਤੋਂ ਵੱਧ ਅਮਰੀਕੀ ਨਾਗਰਿਕਤਾ ਮਿਲੀ। ਸਾਲ 2022 'ਚ ਮੈਕਸੀਕੋ ਦੇ 128878 ਨਾਗਰਿਕ ਅਮਰੀਕੀ ਨਾਗਰਿਕ ਬਣੇ। ਉਨ੍ਹਾਂ ਤੋਂ ਬਾਅਦ ਭਾਰਤ (65,960), ਫਿਲਪੀਨਜ਼ (53,413), ਕਿਊਬਾ (46,913), ਡੋਮਿਨਿਕਨ ਰਿਪਬਲਿਕ (34,525), ਵੀਅਤਨਾਮ (33,246) ਅਤੇ ਚੀਨ (27,038) ਦੇ ਲੋਕਾਂ ਨੂੰ ਅਮਰੀਕੀ ਨਾਗਰਿਕਤਾ ਮਿਲੀ। 2023 ਤੱਕ ਵਿਦੇਸ਼ੀ ਮੂਲ ਦੇ ਅਮਰੀਕੀ ਨਾਗਰਿਕਾਂ 'ਚ ਭਾਰਤ ਦੇ ਲੋਕਾਂ ਦੀ ਗਿਣਤੀ 2,831,330 ਸੀ, ਜੋ ਮੈਕਸੀਕੋ (10,638,429) ਤੋਂ ਬਾਅਦ ਦੂਜੀ ਸਭ ਤੋਂ ਵੱਡੀ ਗਿਣਤੀ ਹੈ। ਇਸ ਤੋਂ ਬਾਅਦ ਨੰਬਰ ਚੀਨ (2,225,447) ਦਾ ਹੈ।

ਨਵਾਂ ਜ਼ਮਾਨਾ
ਮੰਗਲਵਾਰ, 23 ਅਪ੍ਰੈਲ 2024

# ਘੱਟ ਪੋਲਿੰਗ ਤੋਂ ਭਾਜਪਾ ਚਿੰਤਤ

*ਪਿਛਲੀ 19 ਅਪ੍ਰੈਲ ਨੂੰ ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਦੀਆਂ 102 ਸੀਟਾਂ 'ਤੇ ਵੋਟਾਂ ਪਈਆਂ। ਪਹਿਲੇ ਗੇੜ ਦੀਆਂ ਵੋਟਾਂ ਦੀ ਘਟੀ ਪੋਲਿੰਗ ਨੇ ਚੋਣ ਲੜ ਰਹੀਆਂ ਸਾਰੀਆਂ ਧਿਰਾਂ ਨੂੰ ਹੈਰਾਨ ਕੀਤਾ ਹੋਇਆ ਹੈ। ਸਭ ਤੋਂ ਵੱਧ ਭਾਜਪਾ ਚਿੰਤਤ ਹੈ, ਕਿਉਂਕਿ ਇਸ ਗੇੜ ਵਿੱਚ ਉਤਰੀ ਭਾਰਤ ਤੇ ਮੱਧ ਭਾਰਤ ਦੇ ਰਾਜਾਂ ਦੀਆਂ ਸੀਟਾਂ 'ਤੇ ਪੋਲਿੰਗ ਵਿੱਚ ਵੱਡੀ ਗਿਰਾਵਟ ਦਰਜ ਕੀਤੀ ਗਈ ਸੀ।*

*ਉਤਰ ਪ੍ਰਦੇਸ਼ ਦੀਆਂ 8 ਸੀਟਾਂ, ਉਤਰਾਖੰਡ ਦੀਆਂ 5 ਸੀਟਾਂ ਤੇ ਰਾਜਸਥਾਨ ਦੀਆਂ 12 ਸੀਟਾਂ 'ਤੇ 2019 ਦੀਆਂ ਚੋਣਾਂ ਨਾਲੋਂ 5 ਤੋਂ 9 ਫ਼ੀਸਦੀ ਤੱਕ ਘੱਟ ਵੋਟਾਂ ਪੋਲ ਹੋਈਆਂ। ਉਸ ਚੋਣ ਵਿੱਚ ਭਾਜਪਾ ਨੇ ਰਾਜਸਥਾਨ ਤੇ ਉਤਰਾਖੰਡ ਦੀਆਂ ਸਾਰੀਆਂ ਸੀਟਾਂ ਜਿੱਤੀਆਂ ਸਨ। ਇਸੇ ਤਰ੍ਹਾਂ ਮੱਧ ਪ੍ਰਦੇਸ਼, ਮਹਾਰਾਸ਼ਟਰ ਤੇ ਛੱਤੀਸਗੜ੍ਹ ਦੀਆਂ 12 ਸੀਟਾਂ 'ਤੇ ਵੀ ਵੋਟ ਫ਼ੀਸਦੀ 2019 ਤੋਂ 4 ਤੋਂ 8 ਫ਼ੀਸਦੀ ਘੱਟ ਰਹੀ। ਸਮੁੱਚੀਆਂ ਸੀਟਾਂ ਬਾਰੇ ਗੱਲ ਕਰੀਏ ਤਾਂ ਇਨ੍ਹਾਂ 102 ਸੀਟਾਂ ਵਿੱਚੋਂ ਅੱਧੀਆਂ ਐੱਨ ਡੀ ਏ ਦੇ ਸ਼ਾਸਤ ਰਾਜਾਂ ਵਿੱਚ ਪੈਂਦੀਆਂ ਹਨ ਤੇ ਅੱਧੀਆਂ ਦੇ ਕਰੀਬ ਇੰਡੀਆ ਗੱਠਜੋੜ ਵਾਲੇ ਸ਼ਾਸਤ ਰਾਜਾਂ ਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿੱਚ। ਇੰਡੀਆ ਗੱਠਜੋੜ ਵਾਲੇ ਰਾਜਾਂ ਵਿੱਚ 3 ਫ਼ੀਸਦੀ ਦੇ ਕਰੀਬ ਵੋਟ ਫ਼ੀਸਦੀ ਘਟੀ ਹੈ, ਜਦੋਂ ਕਿ ਐੱਨ ਡੀ ਏ ਵਾਲੇ ਰਾਜਾਂ ਵਿੱਚ 6 ਫ਼ੀਸਦੀ ਤੋਂ ਵੱਧ। ਭਾਜਪਾ ਸ਼ਾਸਤ ਵਾਲੇ ਰਾਜਾਂ ਵਿੱਚ ਤਾਂ ਕਈ ਸੀਟਾਂ 'ਤੇ 2019 ਦੀਆਂ ਚੋਣਾਂ ਨਾਲੋਂ 8 ਤੋਂ 9 ਫ਼ੀਸਦੀ ਵੋਟਾਂ ਘੱਟ ਪਈਆਂ ਹਨ। ਰਾਜਸਥਾਨ ਦੇ ਸ੍ਰੀ ਗੰਗਾਨਗਰ, ਜੈਪੁਰ (ਪੇਂਡੂ), ਝੁੰਨਝੁੰਨੂ ਤੇ ਯੂ ਪੀ ਦਾ ਮੁਜ਼ੱਫਰਨਗਰ ਉਹ ਹਲਕੇ ਹਨ, ਜਿਥੇ ਵੋਟਾਂ ਪਿਛਲੀ ਚੋਣ ਨਾਲੋਂ 9 ਫ਼ੀਸਦੀ ਘੱਟ ਪੋਲ ਹੋਈਆਂ। ਯੂ ਪੀ ਦੇ ਬਿਜਨੌਰ ਤੇ ਰਾਮਪੁਰ ਵਿੱਚ 8 ਫ਼ੀਸਦੀ ਘੱਟ ਪੋਲਿੰਗ ਹੋਈ।*

*ਸਵਾਲ ਹੈ, ਇਹ ਕਿਉਂ ਵਾਪਰਿਆ ? ਭਾਜਪਾ ਦੇ ਇੱਕ ਬੁਲਾਰੇ ਦਾ ਕਹਿਣਾ ਹੈ ਕਿ ਸਾਡੇ ਵੋਟਰਾਂ ਨੂੰ ਇਹ ਵਿਸ਼ਵਾਸ ਹੋ ਗਿਆ ਸੀ ਕਿ ਅਸੀਂ ਜਿੱਤ ਹੀ ਜਾਣਾ ਹੈ, ਇਸ ਲਈ ਉਹ ਵੋਟ ਪਾਉਣ ਨਹੀਂ ਆਏ। ਇਹ ਜਵਾਬ ਸਵਾਲ ਨੂੰ ਟਾਲਣ ਦਾ ਬਹਾਨਾ ਹੈ। ਇੱਕ ਲੋਕ ਸਭਾ ਹਲਕੇ ਵਿੱਚ ਔਸਤਨ 10 ਲੱਖ ਤੱਕ ਵੋਟ ਪੋਲ ਹੋ ਜਾਂਦੀ ਹੈ। 9 ਫ਼ੀਸਦੀ ਘੱਟ ਪੋਲ ਹੋਣ ਦਾ ਮਤਲਬ ਹੈ 90 ਹਜ਼ਾਰ ਵੋਟ ਨਾ ਪੈਣੀ।*

*ਇਸ ਤੋਂ ਵੀ ਵੱਡੀ ਗੱਲ ਹੈ ਕਿ ਇਹ ਚੋਣਾਂ ਸਧਾਰਨ ਨਹੀਂ ਹਨ। ਮੁੱਖ ਦੋ ਧਿਰਾਂ ਮੈਦਾਨ ਵਿੱਚ ਹਨ। ਦੋਵੇਂ ਇਨ੍ਹਾਂ ਚੋਣਾਂ ਨੂੰ ਜੀਣ-ਮਰਨ ਦਾ ਸਵਾਲ ਬਣਾ ਕੇ ਲੜ ਰਹੀਆਂ ਹਨ। ਇੰਡੀਆ ਗੱਠਜੋੜ ਤਾਂ ਸ਼ੁਰੂ ਤੋਂ ਹੀ ਇਹ ਕਹਿ ਰਿਹਾ ਹੈ ਕਿ ਇਨ੍ਹਾਂ ਚੋਣਾਂ ਵਿੱਚ ਜੇ ਮੋਦੀ ਜਿੱਤ ਜਾਂਦਾ ਹੈ ਤਾਂ ਲੋਕਤੰਤਰ ਤੇ ਸੰਵਿਧਾਨ ਦੋਵੇਂ ਸਮਾਪਤ ਹੋ ਜਾਣਗੇ। ਹਾਕਮ ਧਿਰ ਭਾਜਪਾ ਨੂੰ ਵੀ ਪਤਾ ਹੈ ਕਿ ਜੇ ਅਸੀਂ ਹਾਰ ਗਏ ਤਾਂ ਪਿਛਲੇ 10 ਸਾਲਾਂ ਦੌਰਾਨ ਜੋ ਚੰਮ ਦੀਆਂ ਚਲਾਈਆਂ ਹਨ, ਉਨ੍ਹਾਂ ਦਾ ਹਿਸਾਬ ਦੇਣਾ ਪਵੇਗਾ। ਅਜਿਹੀ ਗਹਿਗੱਚ ਲੜਾਈ ਵਿੱਚ ਜੇਕਰ ਘੱਟ ਵੋਟ ਪੋਲ ਹੁੰਦੀ ਹੈ ਤਾਂ ਇਸ ਦੇ ਕੋਈ ਅਹਿਮ ਕਾਰਨ ਹੋਣਗੇ।*

*ਇਸ ਦਾ ਸਭ ਤੋਂ ਵੱਡਾ ਕਾਰਨ ਹੈ ਇਸ ਵਾਰ ਦੀਆਂ ਚੋਣਾਂ ਵਿੱਚ ਸੰਘ ਦੇ ਸਵੈਮਸੇਵਕਾਂ ਦਾ ਸਰਗਰਮ ਨਾ ਹੋਣਾ। ਭਾਜਪਾ ਜੇਕਰ ਅੱਜ ਵਾਲੀ ਹੈਸੀਅਤ ਪ੍ਰਾਪਤ ਕਰ ਸਕੀ ਹੈ ਤਾਂ ਇਸ ਪਿਛੇ ਪਿੰਡ-ਪਿੰਡ, ਸ਼ਹਿਰ-ਸ਼ਹਿਰ ਵਿੱਚ ਫੈਲੇ ਲੱਖਾਂ ਸਵੈਮਸੇਵਕਾਂ ਦਾ ਹੱਥ ਰਿਹਾ ਹੈ। ਘਰਾਂ ਵਿੱਚੋਂ ਵੋਟਰਾਂ ਨੂੰ ਕੱਢਣ ਤੇ ਬੂਥ ਤੱਕ ਪੁਚਾਉਣ ਲਈ ਉਹ ਜੀ-ਜਾਨ ਨਾਲ ਮਿਹਨਤ ਕਰਦੇ ਸਨ। ਇਸ ਵਾਰ ਉਹ ਖੁਦ ਹੀ ਘਰਾਂ ਵਿੱਚੋਂ ਨਹੀਂ ਨਿਕਲੇ। ਇਹ ਸੇਵਕ ਤਾਂ ਸੰਘ ਦੇ ਹੈੱਡਕੁਆਟਰ ਤੋਂ ਮਿਲੇ ਆਦੇਸ਼ ਨੂੰ ਇਲਾਹੀ ਹੁਕਮ ਮੰਨਦੇ ਹਨ, ਫਿਰ ਉਹ ਚੁੱਪ ਕਰਕੇ ਕਿਉਂ ਬੈਠੇ ਰਹੇ ? ਇਸ ਦਾ ਸਿੱਧਾ ਮਤਲਬ ਹੈ ਕਿ ਸੰਘ ਖੁਦ ਇਹ ਨਹੀਂ ਚਾਹੁੰਦਾ ਕਿ ਮੋਦੀ ਮੁੜ ਸੱਤਾ ਵਿੱਚ ਆਵੇ।*

*ਸੰਘ ਨੂੰ ਸਮਝ ਪੈ ਗਈ ਹੈ ਕਿ ਉਸ ਵੱਲੋਂ ਖੜ੍ਹੀ ਕੀਤੀ ਭਾਜਪਾ ਨੂੰ ਤਾਂ ਮੋਦੀ-ਸ਼ਾਹ ਨੇ ਆਪਣੀ ਜੇਬ ਵਿੱਚ ਪਾ ਲਿਆ ਹੈ ਤੇ ਜੇਕਰ ਇਹੀ ਹਾਲ ਰਿਹਾ ਤਾਂ ਸੰਘ ਦੀ ਹੋਂਦ ਵੀ ਖ਼ਤਮ ਕਰ ਦਿੱਤੀ ਜਾਵੇਗੀ। ਇਸ ਦਾ ਮੁੱਢ ਤਾਂ ਮੋਦੀ-ਸ਼ਾਹ ਨੇ 125 ਦੇ ਕਰੀਬ ਪੁਰਾਣੇ ਸੰਘੀ ਭਾਜਪਾਈਆਂ ਦੇ ਟਿਕਟ ਕੱਟ ਕੇ ਤੇ ਉਨ੍ਹਾਂ ਦੀ ਥਾਂ ਕਾਂਗਰਸ ਵਿੱਚੋਂ ਲਿਆਂਦੇ ਉਮੀਦਵਾਰਾਂ ਨੂੰ ਟਿਕਟਾਂ ਦੇ ਕੇ ਬੰਨ੍ਹ ਦਿੱਤਾ ਹੈ। ਇਸ ਦੇ ਨਾਲ ਹੀ 4 ਮਹੀਨੇ ਪਹਿਲਾਂ ਤਿੰਨ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਤੋਂ ਬਾਅਦ, ਜਿਸ ਤਰ੍ਹਾਂ ਮੋਦੀ-ਸ਼ਾਹ ਨੇ ਪੁਰਾਣੇ ਭਾਜਪਾ ਲੀਡਰਾਂ ਨੂੰ ਪਾਸੇ ਕਰਕੇ ਆਪਣੇ ਹੱਥਠੋਕੇ ਮੁੱਖ ਮੰਤਰੀ ਬਣਾਏ, ਉਸ ਨੇ ਵੀ ਸੰਘ ਦੇ ਕੰਨ ਖੜ੍ਹੇ ਕਰ ਦਿੱਤੇ ਸਨ।*

*ਇਹ ਯਾਦ ਰੱਖਣਾ ਹੋਵੇਗਾ ਕਿ ਅਗਲੇ ਸਾਲ ਸੰਘ ਦੀ ਸਥਾਪਨਾ ਦੀ ਸੌਵੀਂ ਵਰ੍ਹੇਗੰਢ ਹੈ। 2021 ਤੋਂ ਹੀ ਸੰਘ ਦੇ ਸਮਾਗਮਾਂ ਵਿੱਚ ਇਸ ਦੀ ਚਰਚਾ ਤੇ ਧੂਮਧਾਮ ਨਾਲ ਮਨਾਉਣ ਦੀ ਗੱਲ ਹੁੰਦੀ ਰਹੀ ਹੈ। ਇਸ ਬਾਰੇ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਪਹਿਲੇ ਗੇੜ ਦੀਆਂ ਵੋਟਾਂ ਪੈਣ ਤੋਂ ਦੋ ਦਿਨ ਪਹਿਲਾਂ ਸੰਘ ਮੁਖੀ ਮੋਹਨ ਭਾਗਵਤ ਨੇ ਇਹ ਬਿਆਨ ਦਾਗ ਦਿੱਤਾ ਕਿ ਆਰ ਐੱਸ ਐੱਸ ਆਪਣੀ ਜਨਮ ਸ਼ਤਾਬਦੀ ਮਨਾਉਣ ਲਈ ਕੋਈ ਵਿਸ਼ੇਸ਼ ਪ੍ਰੋਗਰਾਮ ਨਹੀਂ ਕਰੇਗਾ। ਉਸ ਨੇ ਨਾਲ ਹੀ ਕਿਹਾ ਕਿ ਅਸੀਂ ਆਪਣੀਆਂ ਪ੍ਰਾਪਤੀਆਂ ਉਤੇ ਕੋਈ ਘੁਮੰਡ ਨਹੀਂ ਕਰਦੇ, ਸਾਡੇ ਸਵੈਮਸੇਵਕ ਪਹਿਲਾਂ ਵਾਂਗ ਲੋਕ ਸੇਵਾ ਦੇ ਕੰਮ ਕਰਦੇ ਰਹਿਣਗੇ। ਇਸ ਦਾ ਸਿੱਧਾ ਮਤਲਬ ਹੈ ਕਿ ਸਵੈਮਸੇਵਕ ਸੰਘ ਮੌਜੂਦਾ ਰਾਜਨੀਤਕ ਮਾਹੌਲ ਤੋਂ ਬਦਜ਼ਨ ਹੋ ਚੁੱਕਾ ਹੈ। ਇਹੋ ਕਾਰਨ ਹੈ ਕਿ ਨਾਗਪੁਰ ਦੀ ਸੀਟ, ਜਿੱਥੋਂ ਨਿਤਿਨ ਗਡਕਰੀ ਉਮੀਦਵਾਰ ਹੈ, 'ਤੇ ਵੀ ਵੋਟ ਫ਼ੀਸਦੀ ਕਾਫ਼ੀ ਡਿੱਗੀ ਹੈ। ਇਹ ਇਲਾਕਾ ਉਹ ਹੈ, ਜਿਥੇ ਸਵੈਮਸੇਵਕ ਤੇ ਉਨ੍ਹਾਂ ਦੇ ਪਰਵਾਰ ਵੱਡੀ ਗਿਣਤੀ ਵਿੱਚ ਰਹਿੰਦੇ ਹਨ। ਅਗਲੇ ਗੇੜਾਂ ਵਿੱਚ ਕੀ ਮਾਹੌਲ ਬਣਦਾ ਹੈ, ਇਸ ਤੋਂ ਬਾਅਦ ਹੀ ਕੋਈ ਸਿੱਟਾ ਕੱਢਿਆ ਜਾ ਸਕਦਾ ਹੈ।*

**-ਚੰਦ ਫਤਿਹਪੁਰੀ**

# ਵਧਦੀ ਮਹਿੰਗਾਈ ਦੀ ਜ਼ਿੰਮੇਵਾਰ ਮੋਦੀ ਸਰਕਾਰ

**ਨਰਭਿੰਦਰ**

ਜਮਹੂਰੀਅਤ 'ਚ ਸੱਤਾ 'ਤੇ ਕਾਬਜ਼ ਹੋਣ ਲਈ ਰਾਜਸੀ ਪਾਰਟੀਆਂ ਨਾਅਰਿਆਂ ਦੀ ਕਲਾਬਾਜ਼ੀ ਰਾਹੀਂ ਲੋਕਾਂ ਨੂੰ ਸੰਮੋਹਕ ਕਰਦੀਆਂ ਹਨ। ਇਸ ਕਲਾ 'ਚ ਕੌਣ ਕਿੰਨੀ ਮਾਹਰ ਹੈ, ਇਹ ਉਦੋਂ ਪਤਾ ਲਗਦਾ ਹੈ, ਜਦੋਂ ਆਮ ਲੋਕਾਈ ਉਨ੍ਹਾਂ ਦੇ ਭਰਮਜਾਲ ਵਿੱਚ ਫਸ ਜਾਂਦੀ ਹੈ। ਭਾਜਪਾ ਨੇ 2014 ਵਿੱਚ ਇਸ ਕਲਾ ਨੂੰ ਬਾਖੂਬੀ ਵਰਤਿਆ। ਅਵਾਮ ਕਾਂਗਰਸ ਦੀਆਂ ਨੀਤੀਆਂ ਤੋਂ ਪ੍ਰੇਸ਼ਾਨ ਸੀ ਤਾਂ ਭਾਜਪਾ ਨੇ ਹਰ ਖੇਤਰ ਵਿੱਚ ਕੁਝ ਨਾਅਰੇ ਲਿਆਂਦੇ। ਮਹਿੰਗਾਈ ਦੀ ਮਾਰ ਤੋਂ ਦੁਖੀ ਲੋਕਾਂ ਦੀ ਰਗ ਨੂੰ ਫੜਨ ਲਈ ਭਾਜਪਾ ਤੇ ਮੋਦੀ ਦੇ ਮੂੰਹੋਂ ਨਿਕਲਿਆ ਨਾਹਰਾ-'ਬਹੁਤ ਹੋਈ ਮਹਿੰਗਾਈ ਦੀ ਮਾਰ, ਐਸ ਵਾਰੀ ਮੋਦੀ ਸਰਕਾਰ।' ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਤਾਂ ਮੋਦੀ ਨੇ ਇਹ ਕਿਹਾ ਸੀ, 'ਤੁਸੀਂ ਮੈਨੂੰ ਦੱਸੋ ਐਸ ਤਰ੍ਹਾਂ ਮਹਿੰਗਾਈ ਵਧਦੀ ਗਈ ਤਾਂ ਗਰੀਬ ਕੀ ਖਾਵੇਗਾ ?' ਵਿਅੰਗ ਅਤੇ ਅਸ਼ਲੀਲ ਭਾਸ਼ਾ ਜਿਸ ਦਾ ਮੋਦੀ ਮਾਹਰ ਹੈ ਤੇ ਅਜਿਹੀ ਭਾਸ਼ਾ ਦੀ ਵਰਤੋਂ 'ਚ ਸੰਸਦੀ ਮਰਿਆਦਾ ਦੇ ਬੰਧੇਜ ਵਿੱਚ ਵੀ ਨਹੀਂ ਰਹਿੰਦਾ ਨੇ ਕਿਹਾ ਸੀ, 'ਪ੍ਰਧਾਨ ਮੰਤਰੀ (ਉਦੋਂ ਮਨਮੋਹਨ ਸਿੰਘ ਸਨ) ਇਥੇ ਆਏ, ਪਰ ਉਹ ਮਹਿੰਗਾਈ ਦਾ 'ਮ' ਬੋਲਣ ਲਈ ਵੀ ਤਿਆਰ ਨਹੀਂ ਹਨ।' ਭਾਜਪਾ ਨੇ ਤਾਂ ਬੋਰਡਾਂ ਵਿੱਚ ਇਹ ਵੀ ਕਿਹਾ, 'ਮਹਿੰਗਾਈ ਜਾ ਰਹੀ ਹੈ, ਮੋਦੀ ਜੀ ਆ ਰਹੇ ਹਨ।'

ਇੱਕ ਰਿਪੋਰਟ ਮੁਤਾਬਕ ਆਮ ਆਦਮੀ ਆਪਣੀ ਆਮਦਨ ਦਾ 53 ਫ਼ੀਸਦੀ ਹਿੱਸਾ ਸਿਰਫ਼ ਰੋਟੀ ਖਾਣ ਉਤੇ ਖ਼ਰਚ ਕਰ ਦਿੰਦਾ ਹੈ। ਜਦੋਂ ਕਿ ਅਮੀਰਾਂ ਦੀ ਆਮਦਨ ਦਾ 12 ਫ਼ੀਸਦੀ ਹਿੱਸਾ ਖ਼ਰਚ ਹੁੰਦਾ ਹੈ। ਆਦਿਵਾਸੀ, ਗਰੀਬ, ਮਜ਼ਦੂਰ ਤੇ ਛੋਟੇ ਕਿਸਾਨ ਤੇ ਕਾਰੋਬਾਰੀਆਂ ਦੀ ਰੋਟੀ ਦੀ ਥਾਲੀ ਵਿੱਚੋਂ ਦਾਲ-ਸਬਜ਼ੀ ਵਾਲੀ ਕੌਲੀ ਗੁੰਮ ਹੋ ਚੁੱਕੀ ਹੈ। ਰਸੋਈ ਗੈਸ ਤੋਂ ਲੈ ਕੇ ਆਟੇ, ਲੂਣ ਤੱਕ ਬੇਤਹਾਸ਼ਾ ਕੀਮਤਾਂ ਵਧੀਆਂ ਹਨ ਅਤੇ ਮਜ਼ਦੂਰ ਦੀ ਮਜ਼ਦੂਰੀ ਘਟੀ ਹੈ। ਥੋਕ ਮਹਿੰਗਾਈ ਦੀ ਦਰ 2022 ਵਿੱਚ 15.08 ਫ਼ੀਸਦੀ ਤੱਕ ਪਹੁੰਚ ਚੁੱਕੀ ਸੀ ਤੇ ਪਰਚੂਨ ਮਹਿੰਗਾਈ 7.8 ਫੀਸਦੀ ਪਹੁੰਚ ਗਈ ਸੀ। ਸਾਲਾਨਾ ਖਪਤਕਾਰ ਕੀਮਤ ਮੁਦਰਾ ਸਫੀਤੀ ਜਨਵਰੀ 2023 ਵਿੱਚ ਵਧ ਕੇ 6.52 ਫੀਸਦੀ ਹੋ ਗਈ, ਜਦੋਂ ਕਿ ਦਸੰਬਰ 22 ਵਿੱਚ ਇਹ 5.72 ਸੀ। ਭਾਰਤ ਵਿੱਚ ਮੁਦਰਾ ਸਫੀਤੀ (ਮਹਿੰਗਾਈ ਦੀ ਦਰ) ਮਾਪਣ ਦੇ ਦੋ ਪੈਮਾਨੇ ਹਨ। ਪਹਿਲਾ ਹੈ ਕੰਜ਼ਿਊਮਰ ਪ੍ਰਾਈਸ ਇੰਡੈਕਸ ਭਾਵ ਸੀ ਪੀ ਆਈ ਇਹ ਖ਼ਪਤਕਾਰ ਸੂਚਕ ਅੰਕ ਵੀ ਕਹਾਉਂਦਾ ਹੈ। ਦੂਸਰਾ ਹੈ ਹੋਲਸੇਲ ਪ੍ਰਾਈਸ ਇੰਨਡੈਕਸ (ਡਬਲਯੂ ਪੀ ਆਈ) ਥੋਕ ਕੀਮਤ ਸੂਚਕ ਅੰਕ। ਹਕੀਕੀ ਮਹਿੰਗਾਈ ਦੀ ਤਸਵੀਰ ਖਪਤਕਾਰ ਕੀਮਤ ਸੂਚਕ ਅੰਕ ਤੋਂ ਹੀ ਦੇਖੀ ਜਾ ਸਕਦੀ ਹੈ। ਸਰਕਾਰ ਜਦੋਂ ਪ੍ਰਚਾਰਦੀ ਹੈ ਉਹ ਥੋਕ ਕੀਮਤ ਸੂਚਕ ਅੰਕ ਦਾ ਸਹਾਰਾ ਲੈਂਦੀ ਹੈ।

ਆਓ, ਪੈਟਰੋਲ, ਡੀਜ਼ਲ ਤੇ ਰਸੋਈ ਗੈਸ ਦੀਆਂ ਕੀਮਤਾਂ ਤੋਂ ਵੇਖਣ ਲੱਗੀਏ। 2013 ਵਿੱਚ ਕੱਚੇ ਤੇਲ ਦੀ ਕੀਮਤ 100 ਡਾਲਰ ਪ੍ਰਤੀ ਬੈਰਲ ਸੀ। ਕੌਮਾਂਤਰੀ ਮੰਡੀ ਵਿੱਚ ਭਾਰਤ ਵਿੱਚ ਪੈਟਰੋਲ ਦੀ ਕੀਮਤ 66 ਰੁਪਏ ਤੇ ਡੀਜ਼ਲ 48 ਰੁਪਏ ਲੀਟਰ ਮਿਲਦੇ ਸਨ ਅਤੇ ਰਸੋਈ ਗੈਸ ਸਿਲੰਡਰ 414 ਰੁਪਏ ਮਿਲਦਾ ਸੀ । ਸੀ ਐਨ ਜੀ ਗੈਸ 42 ਰੁਪਏ ਪ੍ਰਤੀ ਕਿਲੋਗ੍ਰਾਮ ਮਿਲਦੀ ਸੀ ਤੇ ਪੀ ਐੱਨ ਜੀ ਭਾਵ ਪਾਈਪ ਰਾਹੀਂ ਸਪਲਾਈ ਹੋਣ ਵਾਲੀ ਗੈਸ, ਜੋ ਜ਼ਿਆਦਾਤਰ ਵੱਡੇ ਸ਼ਹਿਰਾਂ ਵਿੱਚ ਸਪਲਾਈ ਹੁੰਦੀ ਹੈ 24.50 ਰੁਪਏ ਪ੍ਰਤੀ ਲੀਟਰ ਸੀ। ਇਸ ਮਹਿੰਗਾਈ ਦਾ ਵੀ ਭਾਜਪਾ ਨੇ ਪ੍ਰਚਾਰ ਵਿੱਚ ਬਹੁਤ ਮਜ਼ਾਕ ਉਡਾਇਆ ਸੀ। ਭਾਜਪਾ ਦੀ ਇੱਕ ਬੀਬੀ, ਜੋ ਪਿੱਛੋਂ ਕੇਂਦਰੀ ਮੰਤਰੀ ਬਣੀ, ਇਸ ਪ੍ਰਚਾਰ 'ਚ ਸਿੰਬਲ ਬਣੀ ਸੀ, ਪਰ 2020 ਵਿੱਚ ਪੈਟਰੋਨ 121 ਰੁਪਏ ਤੇ ਡੀਜ਼ਲ 112 ਰੁਪਏ ਪ੍ਰਤੀ ਲੀਟਰ ਪਹੁੰਚ ਗਿਆ ਤੇ ਸਿਲੰਡਰ 1200 ਤੱਕ ਰੁਪਏ ਪਹੁੰਚ ਗਿਆ। 2013 ਦੀਆਂ ਕੀਮਤਾਂ ਦੇ ਮੁਕਾਬਲੇ ਮੋਦੀ ਰਾਜ ਕਾਲ ਵਿੱਚ ਵਿਸ਼ਵ ਮੰਡੀ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਕਾਫ਼ੀ ਹੇਠਾਂ ਡਿੱਗੀਆਂ। ਉਸ ਹਿਸਾਬ ਨਾਲ ਕਾਂਗਰਸ ਰਾਜ ਕਾਲ ਨਾਲੋਂ ਇਹ ਸਾਰੀਆਂ ਵਸਤੂਆਂ/ਪਦਾਰਥ ਸਸਤੇ ਹੋਣੇ ਚਾਹੀਦੇ ਸਨ। ਅੱਜ ਵੀ ਕੱਚੇ ਤੇਲ ਦੀ ਕੀਮਤ ਡਬਲਯੂ ਆਈ ਕਰੂਡ 85.66 ਡਾਲਰ ਪ੍ਰਤੀ ਬੈਰਲ ਅਤੇ ਇੱਕ ਹੋਰ ਕੱਚਾ ਤੇਲ 90.45 ਡਾਲਰ ਪ੍ਰਤੀ ਬੈਰਲ ਹੈ। ਭਾਰਤ ਵਿੱਚ ਕੱਚੇ ਤੇਲ ਦੀ ਕੀਮਤ, ਜੋ ਰੂਸ ਤੋਂ ਖ਼ਰੀਦਿਆ ਜਾ ਰਿਹਾ ਹੈ, 84.51 ਡਾਲਰ ਪ੍ਰਤੀ ਬੈਰਲ ਹੈ। ਯਾਦ ਰਹੇ 2008 ਵਿੱਚ ਦੁਨੀਆ ਵਿੱਚ ਕੱਚਾ ਤੇਲ ਸਭ ਤੋਂ ਮਹਿੰਗਾ ਰਿਹਾ, ਉਸ ਸਮੇਂ 147 ਅਮਰੀਕੀ ਡਾਲਰ ਪ੍ਰਤੀ ਬੈਰਲ ਸੀ, ਪਰ ਖਪਤਕਾਰ ਨੂੰ ਉਸ ਸਮੇਂ ਵੀ 50-55 ਰੁਪਏ ਪ੍ਰਤੀ ਲੀਟਰ। ਮਿਲਦਾ ਰਿਹਾ। ਇਕ ਅਪ੍ਰੈਲ 2008 ਨੂੰ ਕੀਮਤ 45.52 ਰੁਪਏ ਲੀਟਰ ਸੀ ਤੇ ਸਤੰਬਰ 2008 ਨੂੰ 50.62 ਰੁਪਏ ਪ੍ਰਤੀ ਲੀਟਰ ਅੱਜ ਜਦੋਂ ਕੀਮਤਾਂ ਕਈ ਮੁੱਲ ਹੇਠਾਂ ਹਨ ਤਾਂ ਖਪਤਕਾਰਾਂ ਪਾਸੋਂ ਦੁਗਣਾ ਕਿਉਂ ਵਸੂਲਿਆ ਜਾ ਰਿਹਾ ਹੈ। ਇਹਦਾ ਜੁਆਬ ਮਨਮੋਹਨ ਸਿੰਘ ਨੇ ਨਹੀਂ, ਨਰਿੰਦਰ ਮੋਦੀ ਨੇ ਦੇਣਾ ਹੈ।

ਮੋਦੀ ਸਰਕਾਰ ਪੈਟਰੋਲ, ਡੀਜ਼ਲ 'ਤੇ ਕਿੰਨਾ ਟੈਕਸ ਵਸੂਲਦੀ ਹੈ, ਇਹਦੀ ਇੱਕ ਮਿਸਾਲ ਵੇਖੋ। ਦਿੱਲੀ ਵਿੱਚ ਇਹਦੀ ਆਧਾਰ ਕੀਮਤ 34.19 ਰੁਪਏ ਹੈ। ਖਪਤਕਾਰ ਨੂੰ 34.55 ਪੈਸੇ ਡੀਲਰ ਚਾਰਜ+32 ਰੁਪਏ ਐਕਸਾਈਜ਼ ਡਿਊਟੀ +21.36 ਫ਼ੀਸਦੀ ਵੈਟ (ਟੈਕਸ)+3.77 ਰੁਪਏ ਡੀਲਰ ਦਾ ਕਮਿਸ਼ਨ ਜੋੜ ਦੇਈਏ ਤਾਂ ਕੀਮਤ 97 ਰੁਪਏ ਹੋ ਜਾਂਦੀ ਹੈ। ਇਹ ਕਹਿਣਾ ਕਿ ਕੌਮਾਂਤਰੀ ਮਾਰਕੀਟ ਵਿੱਚ ਪੈਟਰੋਲ, ਡੀਜ਼ਲ ਦੇ ਰੇਟ ਵਧੇ ਹਨ, ਸਰਾਸਰ ਝੂਠ ਹੈ। ਹਕੀਕਤ ਇਹ ਕਿ ਪੈਟਰੋਲ, ਡੀਜ਼ਲ ਤੇ ਗੈਸ 'ਤੇ ਬੇਤਹਾਸ਼ਾ ਟੈਕਸ ਲਾ ਕੇ ਸਰਕਾਰ ਨੇ ਸਭ ਤੋਂ ਵੱਧ ਆਮ ਲੋਕਾਂ ਦੀ ਲੁੱਟ ਕੀਤੀ ਹੈ। ਇਸੇ ਵਸੂਲੀ ਦੇ ਪੈਸੇ ਵਿੱਚੋਂ ਕਾਰਪੋਰੇਟ ਘਰਾਣਿਆਂ ਨੂੰ ਟੈਕਸਾਂ ਵਿੱਚ ਛੋਟਾਂ ਦਿੱਤੀਆਂ ਹਨ ਅਤੇ ਪ੍ਰਧਾਨ ਮੰਤਰੀ ਤੋਂ ਲੈ ਮੰਤਰੀਆਂ, ਸਾਂਸਦਾਂ ਦੇ ਅਯਾਸ਼ੀ ਦੇ ਖਰਚੇ ਤੇ ਤਨਖਾਹਾਂ ਵਸੂਲੀਆਂ ਹਨ। ਪੂੰਜੀਵਾਦੀ ਸਰਕਾਰਾਂ ਦਾ ਇਹੋ ਦਸਤੂਰ ਹੈ। ਟੈਕਸ ਗਰੀਬ ਲੋਕਾਈ ਦੇ ਸਿਰਾਂ ਤੋਂ ਵਸੂਲਦੀ ਹਨ ਤੇ ਆਪਣੇ ਮਾਲਕ ਪੂੰਜੀਪਤੀਆਂ ਦੀ ਸੇਵਾ ਕਰਦੀਆਂ ਹਨ।

ਲੋਕਾਂ ਦੀਆਂ ਵਰਤੋਂ ਵਾਲੀਆਂ ਵਿਸ਼ੇਸ਼ ਖਾਣ-ਪੀਣ ਵਾਲੀਆਂ ਵਸਤੂਆਂ 'ਚ ਆਈ ਮਹਿੰਗਾਈ 'ਤੇ ਨਜ਼ਰ ਮਾਰੀਏ ਤਾਂ ਪਹਿਲੇ ਪੰਜ ਸਾਲ 2014 ਤੋਂ 2019 ਦਰਮਿਆਨ ਮਹਿੰਗਾਈ ਦੀ ਦਰ 5.8 ਫ਼ੀਸਦੀ ਰਹੀ, ਜਿਹੜੀ ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਦਾਇਰੇ ਵਿੱਚ ਹੀ ਰਹੀ। ਮਹਿੰਗਾਈ ਦਾ ਸੰਬੰਧ ਵਸਤੂਆਂ ਦੀਆਂ ਕੀਮਤਾਂ ਨਾਲ ਹੀ ਨਹੀਂ ਹੁੰਦਾ, ਸਗੋਂ ਲੋਕਾਂ ਦੀ ਖ਼ਰੀਦ ਸ਼ਕਤੀ ਭਾਵ ਆਮਦਨੀ ਨਾਲ ਵੀ ਹੁੰਦਾ ਹੈ। ਪੂੰਜੀਪਤੀ ਦਾ ਮੁਨਾਫ਼ਾ ਉਦੋਂ ਵਧਦਾ ਹੈ, ਜਦੋਂ ਉਹ ਮੁਨਾਫ਼ਾ ਵੱਧ ਬਟੋਰ ਰਿਹਾ ਹੈ ਤੇ ਮਜ਼ਦੂਰੀ ਘੱਟ ਦੇ ਰਿਹਾ ਹੈ। ਇਹਨੂੰ 'ਇਕਨਾਮਿਕ ਡਿਪਰੈਸ਼ਨ' ਵੀ ਕਹਿੰਦੇ ਹਨ। 2020 ਦੀ ਕੋਰੋਨਾ ਮਹਾਂਮਾਰੀ ਨੇ ਇਸ ਨੂੰ ਚਿੰਤਾਜਨਕ ਹੱਦ ਤੱਕ ਵਧਾ ਦਿੱਤਾ। 2020 'ਚ ਮਹਿੰਗਾਈ 6.2 ਫ਼ੀਸਦੀ ਦਰ ਨਾਲ ਵਧੀ ਤੇ ਫਿਰ ਇਹ ਰਾਕੇਟ ਵਾਂਗੂੰ ਉਪਰ ਹੀ ਵਧਦੀ ਗਈ। ਉਧਰ ਕੋਰੋਨਾ ਮਹਾਂਮਾਰੀ ਤੋਂ ਪਿਛੋਂ ਲੋਕਾਂ ਦੀ ਆਮਦਨ ਹੈਰਾਨੀਜਨਕ ਪੱਧਰ ਤੱਕ ਹੇਠਾਂ ਡਿੱਗੀ। ਕਈ ਕਰੋੜ ਲੋਕ ਰੁਜ਼ਗਾਰ ਵਿਹੂਣੇ ਹੋਏ, ਬਹੁਤੇ ਕਾਰੋਬਾਰ ਬੰਦ ਹੋ ਗਏ, ਛਾਂਟੀਆਂ ਦਾ ਕੁਹਾੜਾ ਚੱਲਿਆ, ਲੋਕਾਂ ਦੀ ਖ਼ਰੀਦ ਸ਼ਕਤੀ ਘਟ ਗਈ ਤੇ ਨਾਲ ਹੀ ਵਸਤੂਆ ਦੀਆਂ ਕੀਮਤਾਂ ਵਿੱਚ ਉਛਾਲ ਆਇਆ ਇਹ 2023 ਤੇ ਅੱਜ ਤੱਕ ਜਾਰੀ ਹੈ। ਇਸ 'ਤੇ ਨਾ ਰਿਜ਼ਰਵ ਬੈਂਕ ਕੰਟਰੋਲ ਕਰ ਸਕੀ ਤੇ ਨਾ ਹੀ ਸਰਕਾਰ। ਇਸੇ ਦੌਰਾਨ ਪੂੰਜੀਪਤੀਆਂ ਦੇ ਧਨ ਦੇ ਭੰਡਾਰਾਂ ਵਿੱਚ ਹੈਰਾਨੀਜਨਕ ਢੰਗ ਨਾਲ ਵਾਧਾ ਹੋਇਆ। ਕੋਰੋਨਾ ਕਾਲ ਨੇ ਕਈ ਅਰਬਪਤੀ, ਖਰਬਪਤੀ ਪੈਦਾ ਕੀਤੇ।

ਮੋਦੀ ਦੇ ਰਾਜ ਕਾਲ ਵਿੱਚ ਬਾਜ਼ਾਰ ਦੇ ਖਿਡਾਰੀਆਂ ਨੇ ਤਾਂ ਫਲਾਂ, ਸਬਜ਼ੀਆਂ ਨੂੰ ਵੀ ਲੋਕਾਂ ਦੀ ਪਹੁੰਚ ਤੋਂ ਬਾਹਰ ਕਰ ਦਿੱਤਾ। ਟਮਾਟਰਾਂ ਦੀਆਂ ਕੀਮਤਾਂ ਜਿਵੇਂ ਪਿਆਜ਼ਾਂ ਵਾਂਗੂੰ ਉਪਰ ਆਈਆਂ ਤਾਂ ਲੋਕਾਂ ਨੂੰ ਸਮਝ ਆਇਆ ਕਿ ਫ਼ਸਲਾਂ ਨੂੰ ਸਟੋਰ ਕਰਨ ਵਾਲੀ ਕਾਰਪੋਰੇਟ ਪੂੰਜੀ ਦੇ ਕਾਰੋਬਾਰ ਵਿੱਚ ਦਖ਼ਲ-ਅੰਦਾਜ਼ੀ ਕਿੰਨੀ ਭਿਆਨਕ ਹੈ। 2023 ਦੇ ਆਖ਼ਰੀ ਤਿੰਨ ਮਹੀਨਿਆਂ ਵਿੱਚ ਅਨਾਜ ਦੀਆਂ ਕੀਮਤਾਂ ਵਿੱਚ 16.12 ਫ਼ੀਸਦੀ ਮਹਿੰਗਾਈ ਵਧੀ ਅਤੇ ਮਸਾਲਿਆਂ ਵਿੱਚ 21.09 ਫ਼ੀਸਦੀ। ਖੁਰਾਕੀ ਪਦਾਰਥਾਂ ਵਿੱਚ ਮਹਿੰਗਾਈ ਦਰ 4.62 ਫੀਸਦੀ ਤੋਂ ਲੈ ਕੇ 5.94 ਫੀਸਦੀ ਹੋ ਗਈ। ਪਾਨ, ਤੰਬਾਕੂ ਨਸ਼ੀਲੇ ਪਦਾਰਥ 3.07 ਫ਼ੀਸਦੀ ਮਹਿੰਗੇ ਹੋਏ। ਹੋਰ ਖਪਤ ਦੀਆਂ ਵਸਤੂਆਂ 6.21 ਫ਼ੀਸਦੀ ਹੋਰ ਵਧ ਗਈਆਂ। ਊਰਜਾ ਤੇ ਪ੍ਰਕਾਸ਼ ਖੇਤਰ ਵਿੱਚ ਵੀ 10.84 ਫ਼ੀਸਦੀ ਵਾਧਾ ਹੋਇਆ। ਸੀ ਪੀ ਆਈ (ਖਪਤਕਾਰ ਸੂਚਕ ਅੰਕ) ਦਸੰਬਰ 0.46 ਫ਼ੀਸਦੀ ਵਧ ਗਿਆ। ਮਈ 2021 ਤੋਂ ਮਈ 2022 ਦਰਮਿਆਨ ਆਟੇ ਦੀ ਕੀਮਤ 13 ਫ਼ੀਸਦੀ ਵਧੀ, ਦੁੱਧ 50 ਰੁਪਏ ਲੀਟਰ ਤੇ ਬਨਾਸਪਤੀ ਤੇਲ 200 ਰੁਪਏ ਲੀਟਰ ਤੋਂ ਵਧ ਗਿਆ। ਰਸੋਈ ਗੈਸ ਦੀ ਕੀਮਤ 'ਚ 1100 ਰੁਪਏ ਤੱਕ ਵਾਧੇ ਦਾ ਪਹਿਲਾਂ ਜ਼ਿਕਰ ਆ ਚੁੱਕਾ ਹੈ। ਚੌਲ ਪਿਛਲੇ ਪੰਜਾਂ ਸਾਲਾਂ 'ਚ 32.2 ਫ਼ੀਸਦੀ ਵਧੇ। ਕਣਕ 36.2 ਫ਼ੀਸਦੀ, ਦਾਲਾਂ 84.8 ਫ਼ੀਸਦੀ, ਖੰਡ 12.5 ਫ਼ੀਸਦੀ, ਚਾਹ 31.8 ਫ਼ੀਸਦੀ, ਲੂਣ 44.6 ਫ਼ੀਸਦੀ, ਪਿਆਜ਼ 25.9 ਫ਼ੀਸਦੀ। ਕੁੱਲ ਮਿਲਾ ਕੇ ਕਿਹਾ ਜਾਵੇ ਤਾਂ ਖਪਤਕਾਰ ਸੂਚਕ ਅੰਕ ਮੋਦੀ ਦੇ ਰਾਜ ਕਾਲ ਵਿੱਚ ਪੰਜ ਤੋਂ 10 ਫ਼ੀਸਦੀ ਵਧਿਆ। ਜਦੋਂ ਰੋਜ਼ਗਾਰ ਜਾਂ ਕਿਰਤ ਦੀ ਕੀਮਤ ਘਟੀ ਹੋਵੇ ਤੇ ਜਿਊਂਦੇ ਰਹਿਣ ਦੀਆਂ ਵਸਤੂਆਂ ਵਧੀਆਂ ਹੋਣ ਤਾਂ ਇਹਦਾ ਅਸਰ ਮਨੁੱਖਾਂ ਤੇ ਪਰਵਾਰਾਂ ਦੇ ਕੁਪੋਸ਼ਨ 'ਤੇ ਪੈਂਦਾ ਹੈ, ਭਾਵ ਸਰੀਰਕ ਤੰਦਰੁਸਤੀ ਘਟਦੀ ਹੈ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਹੈ-ਦਾ ਸਟੇਟ ਆਫ਼ ਸਕਿਉਰਟੀ ਐਂਡ ਨਿਊਟਰੇਸਨ ਇਨ ਦਾ ਵਰਲਡ-2022। ਜਿਸ ਨੇ ਇਹ ਤੱਥ ਉਜਾਗਰ ਕੀਤਾ ਕਿ ਕੋਰੋਨਾ ਕਾਲ ਪਿਛੋਂ 2021 ਵਿੱਚ ਦੁਨੀਆ ਦੇ 76.6 ਕਰੋੜ ਲੋਕ ਕੁਪੋਸ਼ਨ ਦਾ ਸ਼ਿਕਾਰ ਹੋਏ, ਜਿਸ 'ਚੋਂ ਭਾਰਤੀ 22.4 ਕਰੋੜ ਹਨ, ਭਾਵ 29 ਫ਼ੀਸਦੀ। ਕੁਪੋਸ਼ਨ ਭਾਰਤ ਦੀਆਂ ਗੰਭੀਰ ਸਮੱਸਿਆਵਾਂ ਵਿੱਚੋਂ ਇੱਕ ਹੈ। ਜਿਸ ਦੇਸ਼ ਦੀ ਇਕ ਚੌਥਾਈ ਆਬਾਦੀ ਤੰਦਰੁਸਤ ਹੀ ਨਾ ਹੋਵੇ, ਜਦੋਂ ਉਥੋਂ ਦਾ ਹਾਕਮ ਵਿਸ਼ਵ ਗੁਰੂ ਦਾ ਰਾਗ ਅਲਾਪੇ ਤਾਂ ਰਾਜਾ ਜਾਂ ਤਾਂ ਅੰਨ੍ਹਾ ਹੈ ਜਾਂ ਹੰਕਾਰੀ। ਚੋਣਾਂ ਵਿੱਚ ਇਸ ਉਤੇ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਤੇ ਰਾਜੇ ਦੀ ਵਿੱਤ ਮੰਤਰੀ ਕਹਿੰਦੀ ਹੈ ਕਿ ਮਹਿੰਗਾਈ ਦੀ ਮਾਰ ਅਮੀਰਾਂ ਉਤੇ ਵੱਧ ਪੈ ਰਹੀ ਹੈ, ਭਾਵ ਬਾਜ਼ਾਰ ਵਿੱਚ ਖ਼ਰੀਦਦਾਰ ਨਹੀਂ, ਤਾਂ ਸਮਝੋ ਦੇਸ਼ ਦਾ ਵਿੱਤ ਮੰਤਰੀ ਦਿਮਾਗ਼ ਵਿਹੂਣਾ ਹੈ।

ਸੰਯੁਕਤ ਰਾਸ਼ਟਰ ਖੁਰਾਕ ਤੇ ਖੇਤਰੀ ਸੰਗਠਨ ਦੀ ਇੱਕ ਰਿਪੋਰਟ ਇਹ ਵੀ ਕਹਿੰਦੀ ਹੈ ਕਿ ਭਾਰਤ ਦੇ 97 ਕਰੋੜ ਤੋਂ ਵੱਧ ਲੋਕ, ਜਿਹੜੇ ਆਬਾਦੀ ਦਾ 71 ਫ਼ੀਸਦੀ ਬਣਦੇ ਹਨ, ਪੌਸ਼ਟਿਕ ਖਾਣੇ ਦਾ ਖਰਚ ਕਰਨ ਤੋਂ ਅਸਮਰੱਥ ਹਨ ਤੇ ਦੇਸ਼ ਦਾ ਹਾਕਮ ਜਦੋਂ ਇਹ ਕਹਿ ਰਿਹਾ ਹੋਵੇ ਕਿ 80 ਕਰੋੜ ਲੋਕਾਂ ਨੂੰ 5-5 ਕਿਲੋ ਮੁਫ਼ਤ ਅਨਾਜ ਜੋ ਦਿੱਤਾ ਜਾ ਰਿਹਾ ਹੈ, ਅਗਲੇਰੇ 5 ਸਾਲ ਹੋਰ ਚਲੇਗਾ ਤਾਂ ਸ਼ਰਮ ਨਾਲ ਸਿਰ ਝੁੱਕਦਾ ਹੈ ਕਿ 80 ਕਰੋੜ ਲੋਕਾਂ ਨੂੰ ਭਿੱਖ ਮੰਗਿਆਂ ਦੀ ਹਾਲਤ ਵਿੱਚ ਸੁੱਟ ਦੇਣ ਵਾਲਾ ਰਾਜਾ ਐਨਾ ਬੇਸ਼ਰਮ ਤੇ ਬੇਹਯਾ ਹੈ।

ਵੱਖ-ਵੱਖ ਰਾਜਾਂ ਵਿੱਚੋਂ ਭੁੱਖ ਨਾਲ ਮਰਨ ਵਾਲੀਆਂ ਖ਼ਬਰਾਂ ਨੂੰ ਨਾ ਅਖ਼ਬਾਰ ਸੁਰਖੀ ਬਣਾਉਂਦਾ ਹੈ ਨਾ ਮੀਡੀਆ। ਸੰਸਦ 'ਚ ਭਾਜਪਾ ਸਰਕਾਰ ਨੂੰ ਮੰਨਣਾ ਪਿਆ ਕਿ ਭਾਰਤ ਵਿੱਚ ਸ਼ਡਿਊਲ ਕਾਸਟ ਭਾਈਚਾਰੇ 'ਚ ਨਵਜੰਮੇ ਬੱਚਿਆਂ ਦੀ ਮੌਤ ਦਰ 40.7 ਫ਼ੀਸਦੀ ਹੈ ਤੇ ਇਸ ਵਿੱਚ ਉੱਤਰ ਪ੍ਰਦੇਸ਼ ਪਹਿਲੇ ਨੰਬਰ (57.8) ਉਤੇ ਹੈ, ਜਿਥੇ ਹਜ਼ਾਰਾਂ ਕਰੋੜ ਰੁਪਏ ਲਾ ਕੇ ਰਾਮ ਲੱਲਾ ਸਥਾਪਤ ਕੀਤਾ ਗਿਆ ਹੈ। ਐੱਸ ਟੀ ਵਿੱਚ ਇਹ ਦਰ 41.6 ਫ਼ੀਸਦੀ ਹੈ।

ਮੋਦੀ ਦੇ ਰਾਜ ਕਾਲ ਵਿੱਚ ਭਾਰਤ ਭੁੱਖਮਰੀ ਦੇ ਸੂਚਕ ਅੰਕ ਦੇ ਲਿਹਾਜ਼ ਨਾਲ 125 ਦੇਸ਼ਾਂ ਵਿੱਚੋਂ ਇੱਕ ਸੌ ਗਿਆਰਵੇਂ ਸਥਾਨ 'ਤੇ ਹੈ। 2020 ਵਿੱਚ ਭਾਰਤ 116 ਦੇਸ਼ਾਂ 'ਚੋਂ 94 ਸਥਾਨ ਉਤੇ ਸੀ। ਮੋਦੀ ਦੇ ਰਾਜ ਕਾਲ ਵਿੱਚ ਜਿੰਨੀ ਭੁੱਖਮਰੀ ਫੈਲੀ ਹੈ, ਉਹਨੇ ਰਿਕਾਰਡ ਤੋੜ ਦਿੱਤੇ ਹਨ। ਭਾਰਤ ਆਪਣੇ ਗੁਆਂਢੀ ਦੇਸ਼ਾਂ ਪਾਕਿਸਤਾਨ, ਬੰਗਲਾਦੇਸ਼, ਨੇਪਾਲ ਤੋਂ ਵੀ ਪਛੜ ਗਿਆ ਹੈ, ਪਰ ਇਸ ਮਾਮਲੇ 'ਚ ਰਾਜਾ ਚੁੱਪ ਹੈ, ਰਾਜੇ ਦਾ ਦਰਬਾਰ ਖਾਮੋਸ਼ ਹੈ।

ਮਹਿੰਗਾਈ, ਭੁੱਖਮਰੀ, ਕੁਪੋਸ਼ਨ ਦਾ ਸਿੱਧਾ ਸੰਬੰਧ ਪੂੰਜੀ ਦੇ ਕੁਝ ਹੱਥਾਂ ਵਿੱਚ ਕੇਂਦਰਤ ਹੁੰਦੇ ਜਾਣ ਨਾਲ ਹੈ, ਜਿਹੜਾ ਮੋਦੀ ਦੇ ਰਾਜ ਵਿੱਚ ਬਹੁਤ ਤੇਜ਼ੀ ਨਾਲ ਪਸਰਿਆ ਹੈ। ਇਹ ਦਾ ਲੇਖਾ-ਜੋਖਾ ਕਿਸੇ ਹੋਰ ਲੇਖ ਵਿੱਚ ਕਰਾਂਗੇ। ਇਹ ਸਾਫ਼ ਹੈ ਕਿ ਜੇ ਮੋਦੀ ਦੇ ਹੱਥਾਂ ਵਿੱਚ ਹੋਰ ਪੰਜ ਸਾਲ ਦੇਸ਼ ਰਿਹਾ ਤਾਂ ਆਬਾਦੀ ਦਾ ਵੱਡਾ ਹਿੱਸਾ ਕੰਗਾਲੀ, ਭੁੱਖਮਰੀ ਤੇ ਭੁੱਖ ਨਾਲ ਮੌਤਾਂ ਵਾਲੇ ਅਫ਼ਰੀਕੀ ਤੇ ਲਤੀਨੀ ਅਮਰੀਕੀ ਦੇਸ਼ਾਂ ਦੇ ਨਾਲ ਖੜ੍ਹਾ ਹੋ ਜਾਵੇਗਾ। ਭੁੱਖਮਰੀ ਦਾ ਕਾਰਨ ਇਹ ਨਹੀਂ ਕਿ ਇਥੇ ਅਨਾਜ ਦੀ ਪੈਦਾਵਾਰ ਕੋਈ ਘੱਟ ਹੋ ਰਹੀ ਹੈ। ਭਾਰਤ ਦੇ ਕਿਸਾਨ ਆਬਾਦੀ ਦੀਆਂ ਲੋੜਾਂ ਤੋਂ ਕਿਤੇ ਵੱਧ ਉਤਪਾਦਨ ਕਰਦੇ ਹਨ, ਪਰ ਇਹ ਅਨਾਜ ਦਾ ਭੰਡਾਰਨ ਤੇ ਕਾਲਾਬਾਜ਼ਾਰੀ ਕਰਕੇ ਇੱਕ ਪਾਸੇ ਵੱਡੇ ਪੂੰਜੀਪਤੀਆਂ ਵੱਲੋਂ ਮੁਨਾਫ਼ਾ ਕਮਾਇਆ ਜਾ ਰਿਹਾ ਹੈ, ਦੂਸਰੇ ਪਾਸੇ ਰੁਜ਼ਗਾਰ ਵਿਹੂਣੇ ਹੋਣ ਕਰਕੇ ਖਰੀਦ ਸ਼ਕਤੀ ਘਟੀ ਹੈ। 80 ਕਰੋੜ ਨੂੰ 5-5 ਕਿਲੋ ਅਨਾਜ ਦੇਣ ਦਾ ਹੱਲ ਨਹੀਂ। ਸਵਾਲ ਲੋਕਾਂ ਦੀ ਖ਼ਰੀਦ ਸ਼ਕਤੀ ਸਮਰੱਥ ਕਰਨ ਲਈ ਉਨ੍ਹਾਂ ਨੂੰ ਰੋਜ਼ਗਾਰ ਦੇਣ ਦਾ ਹੈ, ਪਰ ਜਦੋਂ ਅੱਖ ਮੁਨਾਫ਼ੇ ਉਤੇ ਹੋਵੇ ਤਾਂ ਸਿੱਟਾ ਇਹੋ ਨਿਕਲਦਾ ਹੈ। ਯਾਦ ਰੱਖੋ 3 ਸਤੰਬਰ 2014 ਨੂੰ ਮੋਦੀ ਨੇ ਕਿਹਾ ਸੀ, 'ਧੰਦਾ ਮੇਰੇ ਖ਼ੂਨ ਵਿੱਚ ਹੈ, ਪੈਸਾ ਮੇਰੇ ਖ਼ੂਨ ਵਿੱਚ ਹੈ' (ਡੇਕਨ ਕਰਾਨੀਕਲ ਵਿੱਚ ਮੋਦੀ ਦਾ ਬਿਆਨ) ਜਿਹਦੇ ਖ਼ੂਨ 'ਚ ਪੈਸਾ ਤੇ ਮੁਨਾਫ਼ਾ ਹੋਵੇ, ਉਹ ਇਹੋ ਕੁਝ ਕਰੇਗਾ, ਜੋ ਉਹਨੇ ਪਿਛਲੇ 10 ਸਾਲ ਵਿੱਚ ਕੀਤਾ ਹੈ।

*# ਸੰਪਰਕ : 93544-30211*

**ਵਿਸ਼ਵ ਪੁਸਤਕ ਦਿਵਸ 'ਤੇ ਵਿਸ਼ੇਸ਼**

# ਇਲਮ, ਕਲਪਨਾ ਤੇ ਫ਼ਰਾਖ਼ਦਿਲੀ ਦਾ ਸੋਮਾ ਕਿਤਾਬਾਂ

**ਸ਼ੀਲਾ ਦੇਵੀ**

ਕਿਤਾਬ
ਕਿਸੇ ਮੰਦਰ ਦੇ
ਦਰਵਾਜ਼ੇ ਵਾਂਗ ਖੁੱਲੇਗੀ
ਤੁਸੀਂ ਇਸ ਦੇ ਅੰਦਰੋਂ
ਇੱਕ ਫੇਰੀ ਲਾ ਕੇ ਮੁੜੋਗੇ
ਤਾਂ ਤੁਹਾਡਾ ਚਿਤ
ਦੈਵੀ ਚਾਨਣ ਨਾਲ
ਭਰ ਜਾਵੇਗਾ।

ਪੰਜਾਬੀ ਕਵੀ ਪਰਮਿੰਦਰ ਸੋਢੀ ਦੀਆਂ ਲਿਖੀਆਂ ਇਹ ਸਤਰਾਂ ਕਿਤਾਬਾਂ ਦੇ ਪ੍ਰਕਾਸ਼ਮਈ ਹੋਣ ਦੀ ਤਸਦੀਕ ਕਰਦੀਆਂ ਹਨ। ਕਿਤਾਬਾਂ ਮਨੁੱਖ ਨੂੰ ਆਪਣੇ ਅੰਦਰ ਇੱਕ ਦੈਵਿਕ ਚਾਨਣ ਦੀ ਝਲਕ ਦੇਖਣ ਦੀ ਤੌਫੀਕ ਬਖਸ਼ਦੀਆਂ ਹਨ । ਕਿਤਾਬਾਂ ਪੜ੍ਹਦੇ-ਪੜ੍ਹਦੇ ਅਸੀਂ ਕਦੋਂ ਆਪਣੇ ਆਪੇ ਨਾਲ ਜੁੜ ਜਾਂਦੇ ਹਾਂ, ਸਾਨੂੰ ਖੁਦ ਨੂੰ ਹੀ ਅਹਿਸਾਸ ਨਹੀਂ ਰਹਿੰਦਾ। ਪੜ੍ਹਨ ਤੋਂ ਬਾਅਦ ਅਸੀਂ ਨਵੇਂ-ਨਕੋਰ ਹੋ ਕੇ ਆਪਣੇ ਆਪ ਨੂੰ ਪਹਿਲਾਂ ਨਾਲੋਂ ਵੱਧ ਕੁਦਰਤ ਦੇ ਨੇੜੇ ਮਹਿਸੂਸ ਕਰਦੇ ਹਾਂ। ਕੁਦਰਤ ਨਾਲ ਜੁੜਨਾ ਕੁਦਰਤ ਬਣਾਉਣ ਵਾਲੇ ਉਸ ਕਾਦਰ ਨਾਲ ਜੁੜਨ ਬਰਾਬਰ ਹੈ। ਕਿਤਾਬਾਂ ਇਹ ਜਾਦੂ ਆਪਣੇ ਅੰਦਰ ਸੰਜੋ ਕੇ ਰੱਖਦੀਆਂ ਹਨ ਤੇ ਇਲਾਹੀ ਨੂਰ ਨਾਲ ਜੋੜਨ ਦਾ ਜ਼ਰੀਆ ਬਣਦੀਆਂ ਹਨ।

ਕਿਤਾਬਾਂ ਨੇ ਵਕਤੀ ਔਕੜਾਂ 'ਤੇ ਖਰਾ ਉਤਰਦਿਆਂ ਡਿਜੀਟਲ ਮੀਡੀਆ ਦੇ ਦਬਦਬੇ ਵਾਲੇ ਇਸ ਯੁੱਗ ਵਿੱਚ ਵੀ ਦ੍ਰਿੜਤਾ ਨਾਲ ਆਪਣੇ ਆਪ ਨੂੰ ਕਾਇਮ ਰੱਖ ਕੇ ਦਿਖਾਇਆ ਹੈ। ਪ੍ਰਾਚੀਨ ਹੱਥ ਲਿਖਤਾਂ ਤੋਂ ਲੈ ਕੇ ਆਧੁਨਿਕ ਈ-ਕਿਤਾਬਾਂ ਤੱਕ ਮਨੁੱਖੀ ਸੱਭਿਅਤਾ, ਮਨਾਂ ਨੂੰ ਆਕਾਰ ਦੇਣ, ਕਲਪਨਾ ਨੂੰ ਉਜਾਗਰ ਕਰਨ ਅਤੇ ਦਾਦਿਆਲਤਾ ਦੀ ਡੂੰਘੀ ਭਾਵਨਾ ਨੂੰ ਉਤਸ਼ਾਹਤ ਕਰਨ ਵਿੱਚ ਕਿਤਾਬਾਂ ਨੇ ਹੀ ਮੁੱਢਲੀ ਭੂਮਿਕਾ ਨਿਭਾਈ ਹੈ । ਕਿਤਾਬਾਂ ਸਦੀਆਂ ਤੋਂ ਇਤਿਹਾਸ, ਵਿਗਿਆਨ ਅਤੇ ਕਲਾ ਦਰਸ਼ਨ ਜਿਹੇ ਵੱਖ-ਵੱਖ ਵਿਸ਼ਿਆਂ ਲਈ ਮਨੁੱਖੀ ਸਮਝ ਵਿੱਚ ਵਾਧਾ ਕਰਕੇ ਉਸ ਦੇ ਜੀਵਨ ਨੂੰ ਅਮੀਰ ਬਣਾਉਂਦੀਆਂ ਹਨ ।ਖੋਜੀ ਕਿਤਾਬਾਂ ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ ਦੇ ਡੂੰਘੇ ਵਿਸ਼ਲੇਸ਼ਣ ਦੀ ਸੂਝ ਪੈਦਾ ਕਰਕੇ ਸਾਡੀ ਉਤਸੁਕਤਾ ਵੀ ਵਧਾਉਂਦੀਆਂ ਹਨ। ਸਾਹਿਤਕ ਕਿਤਾਬਾਂ ਕਲਪਨਾ ਨੂੰ ਖੰਭ ਲਵਾ ਕੇ ਹਕੀਕਤਾਂ ਦੀਆਂ ਸੀਮਾਵਾਂ ਤੋਂ ਪਾਰ ਮਨਮੋਹਕ ਸੰਸਾਰ ਵਿੱਚ ਉਡਾਰੀ ਲਵਾਉਂਦੀਆਂ ਹਨ, ਜਿਸ ਨਾਲ ਮਨੁੱਖ ਅੰਦਰ ਰਚਨਾਤਮਕਤਾ ਦੀ ਇੱਕ ਚਿਣਗ ਜਗਦੀ ਹੈ ਤੇ ਉਹ ਅਣਲਿਖਤ ਭਵਿੱਖ ਦੀ ਕਲਪਨਾ ਕਰਦਾ ਹੈ ।

ਕਿਤਾਬਾਂ ਮਨੁੱਖ ਨੂੰ ਸੁਫ਼ਨੇ ਦੇਖਣ, ਸਵਾਲ ਕਰਨ ਅਤੇ ਆਪਣੇ ਮੌਜੂਦਾ ਹਾਲਾਤ ਤੋਂ ਪਰੇ ਸੰਭਾਵਨਾਵਾਂ ਦੇ ਖੇਤਰ ਦੀ ਪੜਚੋਲ ਕਰਨ ਲਈ ਪ੍ਰੇਰਿਤ ਕਰਦੀਆਂ ਹਨ ਤੇ ਲੇਖਕ ਦੀਆਂ ਅੱਖਾਂ ਰਾਹੀਂ ਸੰਸਾਰ ਨੂੰ ਵੇਖਣ ਦਾ ਜ਼ਰੀਆ ਬਣਦੀਆਂ ਹਨ । ਕਿਤਾਬਾਂ ਉਹ ਪੁਲ ਹਨ, ਜੋ ਸਾਨੂੰ ਵਿਭਿੰਨ ਦ੍ਰਿਸ਼ਟੀਕੋਣਾਂ, ਸੱਭਿਆਚਾਰਾਂ ਅਤੇ ਅਨੁਭਵਾਂ ਨਾਲ ਜੋੜਦੀਆਂ ਹਨ ।

ਕਿਤਾਬਾਂ ਸਾਡੇ ਸਮੂਹਿਕ ਇਤਿਹਾਸ ਅਤੇ ਸੱਭਿਆਚਾਰਕ ਵਿਰਸੇ ਦੀਆਂ ਰੱਖਿਅਕ ਹਨ, ਜੋ ਅਤੀਤ ਨੂੰ ਦੁਬਾਰਾ ਦੇਖਣ, ਪਿਛਲੀਆਂ ਪੀੜ੍ਹੀਆਂ ਤੋਂ ਸਿੱਖਣ ਅਤੇ ਆਪਣੀਆਂ ਜੜ੍ਹਾਂ ਦੀ ਡੂੰਘਾਈ ਨੂੰ ਪਰਖਣ ਦਾ ਮੌਕਾ ਦਿੰਦੀਆਂ ਹਨ । ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਨੂੰ ਕਿਤਾਬਾਂ ਨਾਲ ਬੇਹੱਦ ਮੁਹੱਬਤ ਸੀ । ਆਪਣੇ ਸਕੂਲ, ਕਾਲਜ ਦੇ ਸਮੇਂ ਦੌਰਾਨ ਹੀ ਉਨ੍ਹਾ ਅਨੇਕਾਂ ਕਿਤਾਬਾਂ ਪੜ੍ਹ ਲਈਆਂ ਸਨ ।ਆਪਣੀ ਜ਼ਿੰਦਗੀ ਦੇ ਆਖਰੀ ਸਾਲਾਂ ਦੌਰਾਨ ਵੀ ਉਹ ਕਿਤਾਬਾਂ ਨਾਲ ਹੀ ਜੁੜੇ ਰਹੇ, ਇੱਥੋਂ ਤੱਕ ਕਿ ਜੇਲ੍ਹ ਵਿੱਚ ਗੁਜ਼ਾਰੀ ਜ਼ਿੰਦਗੀ ਵੀ ਉਹਨਾ ਅਨੇਕਾਂ ਕਿਤਾਬਾਂ ਦਾ ਅਧਿਐਨ ਕੀਤਾ, ਉਹ ਜੋ ਵੀ ਪੜ੍ਹਦੇ, ਉਸ ਤੋਂ ਚੋਣਵੇਂ ਅੰਸ਼ ਆਪਣੀ ਖੂਬਸੂਰਤ ਲਿਖਾਈ ਵਿੱਚ ਡਾਇਰੀ 'ਤੇ ਦਰਜ ਕਰ ਲੈਂਦੇ । ਭਗਤ ਸਿੰਘ ਦੀ ਇਸ ਮੁਕੱਦਸ ਨੋਟ-ਬੁੱਕ ਦੇ ਦਰਸ਼ਨ ਖਟਕੜ ਕਲਾਂ ਵਿਖੇ 'ਸਰਦਾਰ ਭਗਤ ਸਿੰਘ ਯਾਦਗਾਰੀ ਮਿਊਜ਼ੀਅਮ' 'ਚ ਕੀਤੇ ਜਾ ਸਕਦੇ ਹਨ।ਨੌਜਵਾਨ ਪੀੜ੍ਹੀ ਨੂੰ ਭਗਤ ਸਿੰਘ ਦੀ ਪੜ੍ਹਨ ਰੁਚੀ ਤੋਂ ਪ੍ਰੇਰਣਾ ਲੈਂਦੇ ਹੋਏ ਕਿਤਾਬਾਂ ਨਾਲ ਜੁੜਨਾ ਚਾਹੀਦਾ ਹੈ

ਕਿਤਾਬਾਂ ਮਨੁੱਖ ਨੂੰ ਜ਼ਿੰਦਗੀ ਦੇ ਉਤਾਰ-ਚੜ੍ਹਾਅ, ਜਾਤ-ਪਾਤ, ਦੇਸ਼ ਅਤੇ ਧਰਮ ਦੇ ਹਰ ਵਿਤਕਰੇ ਤੋਂ ਉਪਰ ਉੱਠ ਕੇ ਇੱਕ ਚੰਗਾ ਇਨਸਾਨ ਬਣਾਉਂਦੀਆਂ ਹਨ ਤੇ ਇੱਕ ਉੱਚੇ ਮੁਕਾਮ ਤੇ ਪਹੁੰਚਾਉਂਦੀਆਂ ਹਨ। ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਅਤੇ ਸੰਵਿਧਾਨ ਨਿਰਮਾਤਾ ਡਾ ਬੀ. ਆਰ. ਅੰਬੇਡਕਰ ਦੀ ਤਾਂ ਸਾਰੀ ਜ਼ਿੰਦਗੀ ਕਿਤਾਬਾਂ ਨਾਲ ਗੁਜ਼ਰੀ ਹੈ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਨਿੱਜੀ ਲਾਇਬ੍ਰੇਰੀ ਵਿੱਚ ਪੰਜਾਹ ਹਜ਼ਾਰ ਤੋਂ ਵੀ ਵੱਧ ਕਿਤਾਬਾਂ ਸਨ। ਅਮਰੀਕੀ ਲੇਖਕ ਅਤੇ ਪੱਤਰਕਾਰ ਜੋਨ ਗੁੰਥਰ ਅਨੁਸਾਰ ਇਹ ਦੁਨੀਆ ਦੀ ਸਭ ਤੋਂ ਵੱਡੀ ਨਿੱਜੀ ਲਾਇਬ੍ਰੇਰੀ ਸੀ, ਜਿਸ ਵਿਚਲੀਆਂ ਸਾਰੀਆਂ ਪੁਸਤਕਾਂ ਦਾ ਅਧਿਐਨ ਉਹਨਾ ਨੇ ਕੀਤਾ ਹੋਇਆ ਸੀ।ਆਪਣੀ ਜ਼ਿੰਦਗੀ ਵਿੱਚ ਉਨ੍ਹਾ ਨੇ ਪੀ ਐਚ ਡੀ ਦੀਆਂ ਚਾਰ ਡਿਗਰੀਆਂ ਹਾਸਲ ਕੀਤੀਆਂ ਸਨ । ਆਪਣੀ ਜਾਤ ਕਾਰਨ ਜੋ ਵਿਤਕਰਾ ਉਹਨਾ ਨੂੰ ਸਹਿਣਾ ਪਿਆ, ਉਸ ਵਿੱਚੋਂ ਨਿਕਲਣ ਦਾ ਰਾਹ ਉਹਨਾ ਨੂੰ ਕਿਤਾਬਾਂ ਰਾਹੀਂ ਹੀ ਮਿਲਿਆ ਅਤੇ ਉਹਨਾਂ ਅਜਿਹੀ ਕਿਤਾਬ ਦੀ ਰਚਨਾ ਕੀਤੀ, ਜਿਸ 'ਤੇ ਪੂਰੇ ਭਾਰਤ ਦੇਸ਼ ਦਾ ਨਿਜ਼ਾਮ ਚਲਦਾ ਹੈ। ਇਸ ਕਾਰਨ ਉਹਨਾ ਨੂੰ 'ਸੰਵਿਧਾਨ ਦੇ ਪਿਤਾਮਾ' ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ ।

ਮੁੱਕਦੀ ਗੱਲ ਇਹ ਹੈ ਕਿ ਨੈਤਿਕ ਅਮੀਰੀ ਨਾਲ ਭਰੀਆਂ ਕਿਤਾਬਾਂ ਇਨਸਾਨ ਨੂੰ ਮਾਨਸਿਕ ਤੌਰ 'ਤੇ ਹਲੂਣਾ ਦੇ ਕੇ ਸੁੱਤੀ ਪਈ ਜ਼ਮੀਰ ਨੂੰ ਜਗਾਉਣ ਦਾ ਉਪਰਾਲਾ ਕਰਦੀਆਂ ਹਨ ।ਕਿਤਾਬਾਂ ਮਨੁੱਖ ਦੀ ਹੁਣ ਤੱਕ ਦੀ ਸਭ ਤੋਂ ਵਡਮੁੱਲੀ ਖੋਜ ਹਨ। ਇਹ ਸਾਡੇ ਜੀਵਨ ਦਾ ਅਟੱਲ ਹਿੱਸਾ ਹਨ, ਜੋ ਗਿਆਨ ਕਲਪਨਾ ਤੇ ਫ਼ਰਾਖ਼ਦਿਲੀ ਦੇ ਗੇਟ-ਵੇ ਵਜੋਂ ਕੰਮ ਕਰਦੀਆਂ ਹਨ। ਆਓ, ਅਸੀਂ ਅੱਜ ਵਿਸ਼ਵ ਕਿਤਾਬ ਦਿਵਸ ਤੇ ਇਹਨਾਂ ਦੀ ਕਦਰ ਕਰਦੇ ਹੋਏ ਇਹਨਾਂ ਨੂੰ ਸੰਭਾਲਣ ਦਾ ਯਤਨ ਕਰੀਏ ਤੇ ਇਹਨਾਂ ਦੇ ਮੁੱਲ ਨੂੰ ਸਮਝਦੇ ਹੋਏ ਆਉਣ ਵਾਲੀ ਪੀੜ੍ਹੀ ਵਿੱਚ ਪੁਸਤਕ-ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਦਾ ਪ੍ਰਣ ਕਰੀਏ।

# ਗਦਰੀ ਸ਼ਹੀਦ ਭਾਈ ਰਾਮ ਸਿੰਘ ਧੁਲੇਤਾ ਦਾ ਜੀਵਨ ਸ.ਫਰ

ਗਦਰ ਪਾਰਟੀ ਦੇ ਸੂਰਮਿਆਂ ਦੀਆਂ ਅਮਰ ਕਥਾਵਾਂ ਵੀ ਹਿਰਦੇ ਵਲੂੰਧਰਨ ਤੇ ਬਹੁਤ ਸੂਰਮਗਤੀ ਵਾਲੀਆਂ ਹਨ। ਸ਼ਹੀਦ ਗਦਰੀ ਭਾਈ ਰਾਮ ਸਿੰਘ ਧੁਲੇਤਾ ਨੇ ਗ਼ਦਰ ਪਾਰਟੀ ਵਿੱਚ ਵੜੇ ਬੇਈਮਾਨ ਪੰਡਤ ਰਾਮ ਚੰਦਰ ਦਾ ਭਰੀ ਕਚਹਿਰੀ ਵਿੱਚ ਕਤਲ ਕਰਕੇ ਉਸ ਦੀ ਬਦਨੀਤ ਤੋਂ ਗਦਰ ਪਾਰਟੀ ਨੂੰ ਬਚਾਇਆ ਸੀ। ਉਸ ਗਦਾਰ ਨੇ ਪਾਰਟੀ ਦੇ ਪੈਸੇ ਤੋਂ ਤਕੜੀ ਜਾਇਦਾਦ ਬਣਾ ਲਈ ਸੀ ਤੇ ਪਾਰਟੀ ਨੂੰ ਕੋਈ ਨਿਆਂ ਨਹੀਂ ਸੀ ਦਿੰਦਾ। ਰਾਮ ਸਿੰਘ ਨੇ ਆਪ ਪਾਰਟੀ ਨੂੰ ਤਕੜਾ ਪੈਸਾ ਦਿੱਤਾ ਹੋਇਆ ਸੀ।

ਭਾਈ ਰਾਮ ਸਿੰਘ ਕੈਨੇਡਾ ਵਿੱਚ ਧਨੀ ਹਿੰਦੁਸਤਾਨ ਵਾਸੀਆਂ 'ਚੋਂ ਸਭ ਤੋਂ ਵਧੇਰੇ ਪੈਸੇ ਵਾਲਾ ਮਨੁੱਖ ਸੀ। ਭਾਈ ਰਾਮ ਸਿੰਘ ਨੇ ਇੱਕ ਲੱਖ 25 ਹਜ਼ਾਰ ਡਾਲਰ ਦੀ ਕੀਮਤ ਦੀ ਜ਼ਮੀਨ ਖਰੀਦੀ ਹੋਈ ਸੀ ਤੇ ਹੋਰ ਧੰਦਿਆਂ ਵਿੱਚ ਵੀ ਬਹੁਤ ਪੈਸਾ ਲਾਇਆ ਤੇ ਕਮਾਇਆ ਹੋਇਆ ਸੀ । ਆਪ ਗਦਰ ਪਾਰਟੀ ਨੂੰ ਤੇ ਪੈਸਾ ਅਥਾਹ ਦਿੰਦੇ ਹੀ ਦਿੰਦੇ ਸਨ, ਉਨ੍ਹਾ ਗੁਰਦੁਆਰੇ ਦੀ ਉਸਾਰੀ ਵਾਸਤੇ ਬਹੁਤ ਵੱਡੀ ਰਕਮ ਭੇਟ ਕੀਤੀ ਸੀ । ਜਦੋਂ ਵੀ ਗੁਰਦੁਆਰੇ ਦੇ ਪ੍ਰਬੰਧਕਾਂ ਨੂੰ ਪੈਸੇ ਦੀ ਲੋੜ ਪੈਂਦੀ ਤਾਂ ਦੋ-ਚਾਰ ਡਾਲਰ ਤੇ ਉਹ ਆਮ ਹੀ ਦੇ ਦਿੰਦੇ ਸਨ।

ਆਪ 1913 ਵਿੱਚ ਗਦਰ ਪਾਰਟੀ ਬਣਾਉਣ ਵਾਲਿਆਂ 'ਚ ਮੋਢੀ ਸਨ। ਆਪ ਨੇ ਇਲਾਕੇ ਵਿੱਚ ਪ੍ਰਚਾਰ ਕਰਕੇ ਗਦਰ ਪਾਰਟੀ ਦੇ ਵੱਡੀ ਗਿਣਤੀ ਵਿੱਚ ਮੈਂਬਰ ਬਣਾਏ ਸਨ। ਗਦਰ ਪਾਰਟੀ ਦੇ ਆਗੂਆਂ ਨੇ 'ਗਦਰ' ਅਖਬਾਰ ਚਲਾਉਣ ਲਈ ਉਨ੍ਹਾ ਨੂੰ ਵੈਨਕੂਵਰ ਤੋਂ ਸਾਨਫਰਾਂਸਿਸਕੋ ਬੁਲਾ ਲਿਆ। ਆਪ ਦੂਜੇ ਸਟਾਫ਼ ਦੀ ਤਰ੍ਹਾਂ ਪਾਰਟੀ ਦੇ ਹੈੱਡਕੁਆਰਟਰ ਗਦਰ ਆਸ਼ਰਮ ਵਿੱਚ ਹੀ ਰਹਿੰਦੇ, ਜਿਸ ਤਰ੍ਹਾਂ ਦਾ ਖਾਣ ਨੂੰ ਮਿਲਦਾ ਖਾ ਲੈਂਦੇ ਸਨ। ਦਰਅਸਲ ਆਪ ਨੇ ਸਾਰਾ ਘਰੇਲੂ ਕਾਰੋਬਾਰ ਛੱਡ ਕੇ ਜ਼ਿੰਦਗੀ ਪਾਰਟੀ ਦੇ ਲੇਖੇ ਲਾ ਦਿੱਤੀ।

ਗਦਰ ਪਾਰਟੀ ਦੇ ਸੱਦੇ 'ਤੇ ਅਗਸਤ 1914 ਵਿੱਚ ਗ਼ਦਰੀਆਂ ਨੇ ਹਿੰਦੁਸਤਾਨ ਨੂੰ ਅੰਗਰੇਜ਼ਾਂ ਤੋਂ ਮੁਕਤ ਕਰਾਉਣ ਲਈ ਹਿੰਦ ਵੱਲ ਵਹੀਰਾਂ ਘੱਤ ਦਿੱਤੀਆਂ। ਤਕਰੀਬਨ 10 ਹਜ਼ਾਰ ਤੋਂ ਵਧੇਰੇ ਗਦਰੀ ਹਿੰਦ ਦੀ ਧਰਤੀ 'ਤੇ ਪਹੁੰਚ ਗਏ। ਬਹੁਤ ਸਾਰੇ ਗ਼ਦਰੀ ਤਾਂ ਅੰਗਰੇਜ਼ਾਂ ਨੇ ਸਮੁੰਦਰੀ ਜਹਾਜ਼ਾਂ ਤੋਂ ਉਤਰਦੇ ਹੀ ਫੜ ਕੇ ਜੇਲ੍ਹਾਂ ਵਿੱਚ ਡੱਕ ਦਿੱਤੇ, ਪਰ ਫੜੇ ਜਾਣ ਵਾਲਿਆਂ ਤੋਂ ਵੀ ਕਿਤੇ ਵਧੇਰੇ ਆਪਣੇ ਟਿਕਾਣਿਆਂ ਤੇ ਪਹੁੰਚਣ 'ਚ ਕਾਮਯਾਬ ਹੋ ਗਏ ਸਨ।



ਪਿੱਛੇ ਗਦਰ ਪਾਰਟੀ ਤੇ ਅਖਬਾਰ ਦੇ ਕਰਤਾ-ਧਰਤਾ ਬਣ ਬੈਠੇ ਸਨ ਪੰਡਤ ਰਾਮ ਚੰਦਰ।

ਪੰਡਤ ਰਾਮ ਚੰਦਰ ਨੇ ਗ਼ਦਰੀ ਰਾਮ ਸਿੰਘ ਨੂੰ ਮਾਰਚ 1915 ਵਿੱਚ ਪੂਰਬ ਦੇ ਦੇਸ਼ਾਂ ਵਿੱਚ ਪਾਰਟੀ ਨੂੰ ਲਾਮਬੰਦ ਕਰਨ ਲਈ ਭੇਜ ਦਿੱਤਾ। ਏਧਰ ਦੀ ਗ਼ਦਰੀਆਂ ਦੀ ਯੋਜਨਾ ਫੇਲ੍ਹ ਹੋ ਗਈ ਤੇ ਭਾਈ ਰਾਮ ਸਿੰਘ ਪੰਡਤ ਰਾਮ ਚੰਦਰ ਦਾ ਸੁਨੇਹਾ ਲੈ ਕੇ ਭਾਈ ਭਗਵਾਨ ਸਿੰਘ ਪਾਸ ਮਨੀਲਾ ਪਹੁੰਚੇ ਗਏ । ਏਧਰ ਵੀ ਸਿਆਮ-ਬਰਮਾ ਫਰੰਟ ਤੋਂ ਗ਼ਦਰੀਆਂ ਦੇ ਫੜੇ ਜਾਣ ਦੀਆਂ ਖ਼ਬਰਾਂ ਆ ਗਈਆਂ, ਪਰ ਰਾਮ ਸਿੰਘ ਭਾਈ ਭਗਵਾਨ ਸਿੰਘ ਨੂੰ ਮਿਲੇ ਤੇ ਉਨ੍ਹਾ ਜਦੋਂ ਭਾਈ ਰਾਮ ਸਿੰਘ ਦੇ ਬੂਟ ਦਾ ਤਲਾ ਪੁੱਟ ਕੇ ਗੁਪਤ ਸੁਨੇਹਾ ਕੱਢਿਆ ਤਾਂ ਉਹ ਹੱਕੇ-ਬੱਕੇ ਰਹਿ ਗਏ ਕਿ ਤਲੇ ਵਿੱਚ ਸਿਰਫ ਗਦਰ ਅਖਬਾਰ ਦਾ ਇੱਕ ਪੁਰਾਣਾ ਵਰਕਾ ਹੀ ਸੀ । ਭਾਈ ਭਗਵਾਨ ਸਿੰਘ ਨੂੰ ਪੰਡਤ ਰਾਮ ਚੰਦਰ ਦੀ ਇਸ ਕਰਤੂਤ 'ਤੇ ਬੜਾ ਗੁੱਸਾ ਆਇਆ । ਭਾਈ ਰਾਮ ਸਿੰਘ, ਭਾਈ ਭਗਵਾਨ ਸਿੰਘ ਤੇ ਭਾਈ ਸੰਤੋਖ ਸਿੰਘ ਧਰਦਿਓ ਅਮਰੀਕਾ ਪਹੁੰਚ ਗਏ। ਉਨ੍ਹਾਂ ਵੇਖਿਆ ਕਿ ਪੰਡਤ ਰਾਮ ਚੰਦਰ ਤਾਂ ਡਿਕਟੇਟਰ ਬਣਿਆ ਹੋਇਆ ਹੈ, ਇਸ ਨੇ ਗਦਰ ਪਾਰਟੀ ਦੇ ਪੈਸੇ ਨਾਲ ਆਪਣੀ ਤਕੜੀ ਜਾਇਦਾਦ ਬਣਾ ਲਈ ਹੈ । ਜਰਮਨ ਨੇ ਜਿਹੜਾ ਬਹੁਤ ਸਾਰਾ ਪੈਸਾ ਹਿੰਦੁਸਤਾਨ ਦੇ ਗਦਰ ਨੂੰ ਕਾਮਯਾਬ ਕਰਨ ਲਈ ਗਦਰ ਪਾਰਟੀ ਨੂੰ ਦਿੱਤਾ ਸੀ, ਉਹ ਵੀ ਹੜੱਪ ਗਿਆ ਹੈ। ਭਾਈ ਭਗਵਾਨ ਸਿੰਘ ਨੇ ਉਸ ਤੋਂ ਹਿਸਾਬ ਮੰਗਿਆ ਤੇ ਉਸ ਨੇ ਕੋਰਾ ਜੁਆਬ ਦੇ ਦਿੱਤਾ।

ਭਾਈ ਸੰਤੋਖ ਸਿੰਘ ਨੇ ਜਨਵਰੀ 1917 ਵਿੱਚ ਗ਼ਦਰ ਪਾਰਟੀ ਦੀ ਮੀਟਿੰਗ ਸੱਦ ਕੇ ਪਾਰਟੀ ਦੀ ਆਰਜ਼ੀ ਕਮੇਟੀ ਚੁਣੀ। ਪੰਡਤ ਰਾਮ ਚੰਦਰ ਨੇ ਇਸ ਕਮੇਟੀ ਨੂੰ ਨਾ ਮੰਨਿਆ। ਇਸ ਤੋਂ ਬਾਅਦ ਆਰਜ਼ੀ ਕਮੇਟੀ ਦੀ ਫਰਿਜ਼ਨੋ ਵਿੱਚ ਮੀਟਿੰਗ ਹੋਈ ਤੇ ਪੰਡਤ ਰਾਮ ਚੰਦਰ ਨੇ ਇਸ ਮੀਟਿੰਗ ਦੇ ਫੈਸਲੇ ਵੀ ਨਾ ਮੰਨੇ। ਗ਼ਦਰ ਪਾਰਟੀ ਦੋ ਗਰੁੱਪਾਂ ਵਿੱਚ ਵੰਡੀ ਗਈ। ਇੱਕ ਦਾ ਆਗੂ ਭਾਈ ਭਗਵਾਨ ਸਿੰਘ ਤੇ ਦੂਜੇ ਦਾ ਰਾਮ ਚੰਦਰ।

ਰਾਮ ਚੰਦਰ ਦਾ ਗ਼ਦਰ ਪਾਰਟੀ ਦੇ ਦਫ਼ਤਰ ਤੇ ਗਦਰ ਅਖਬਾਰ 'ਤੇ ਕਬਜ਼ਾ ਸੀ, ਪਰ ਜਲਦੀ ਹੀ ਦਫ਼ਤਰ ਤੇ ਅਖਬਾਰ ਵਿੱਚ ਕੰਮ ਕਰਨ ਵਾਲੇ ਗਦਰੀ ਸਾਥੀਆਂ ਨੇ ਆਰਜ਼ੀ ਕਮੇਟੀ ਅਧੀਨ ਕੰਮ ਕਰਨਾ ਪ੍ਰਵਾਨ ਕਰ ਲਿਆ। ਆਰਜ਼ੀ ਕਮੇਟੀ ਨੇ ਰਾਮ ਚੰਦਰ ਦੇ ਇਨ੍ਹਾਂ ਸਾਥੀਆਂ ਦੀ ਮਦਦ ਨਾਲ ਦਫ਼ਤਰ, ਰਿਹਾਇਸ਼ ਤੇ ਅਖਬਾਰ 'ਤੇ ਕਬਜ਼ਾ ਕਰ ਲਿਆ।

ਗਦਰ ਪਾਰਟੀ ਦਾ ਕਾਨੂੰਨੀ ਤੌਰ 'ਤੇ ਨਾਂਅ 'ਹਿੰਦੀ ਐਸੋਸੀਏਸ਼ਨ ਆਫ ਦਾ ਪੈਸਿਫਿਕ ਕੋਸਟ' ਹੀ ਚੱਲਿਆ ਆਉਂਦਾ ਸੀ। ਪੰਡਤ ਰਾਮ ਚੰਦਰ ਨੇ ਬੇਈਮਾਨੀ ਦੀ ਚਾਲ ਚਲਦਿਆਂ ਜਨਵਰੀ 1917 ਵਿੱਚ ਵੱਖਰਾ ਨਾਂਅ 'ਗਦਰ ਪਾਰਟੀ' ਰਜਿਸਟਰਡ ਕਰਵਾ ਲਿਆ । ਪਾਰਟੀ ਦੀ ਗ਼ਦਰ ਅਖ਼ਬਾਰ ਹੋਣ ਕਰਕੇ ਕਾਪੀ ਰਾਈਟ ਪੰਡਤ ਰਾਮ ਚੰਦਰ ਨੂੰ ਮਿਲ ਗਏ । ਭਾਈ ਭਗਵਾਨ ਸਿੰਘ ਨੂੰ ਹਿੰਦੀ ਐਸੋਸੀਏਸ਼ਨ ਆਫ ਦਾ ਪੈਸਿਫਿਕ ਕੋਸਟ ਦਾ ਅਧਿਕਾਰ ਮਿਲ ਗਿਆ । ਭਾਈ ਭਗਵਾਨ ਸਿੰਘ ਹੁਰਾਂ ਨੇ ਗਦਰ ਅਖਬਾਰ ਦੇ ਹੈਡਕੁਆਰਟਰ ਤੋਂ ਆਪਣਾ ਵੱਖਰਾ ਅਖਬਾਰ 'ਯੁਗਾਂਤਰ' ਨਾਂਅ ਥੱਲੇ ਕੱਢਣਾ ਸ਼ੁਰੂ ਕਰ ਦਿੱਤਾ।ਪੰਡਤ ਰਾਮ ਚੰਦਰ ਨੇ ਗ਼ਦਰ ਅਖਬਾਰ ਕਿਸੇ ਹੋਰ ਜਗ੍ਹਾ ਤੋਂ ਛਾਪਣਾ ਸ਼ੁਰੂ ਕਰ ਦਿੱਤਾ ਤੇ ਅਖਬਾਰ ਵਿੱਚ ਭਾਈ ਰਾਮ ਸਿੰਘ, ਭਾਈ ਸੰਤੋਖ ਸਿੰਘ ਤੇ ਭਾਈ ਭਗਵਾਨ ਸਿੰਘ ਨੂੰ ਪਾਰਟੀ 'ਚੋਂ ਕੱਢਣ ਦਾ ਐਲਾਨ ਕਰ ਦਿੱਤਾ।

ਦੂਜੀ ਸੰਸਾਰ ਜੰਗ ਲੱਗ ਗਈ ਤੇ ਅਮਰੀਕਾ ਬਰਤਾਨੀਆ ਨਾਲ ਹੋ ਗਿਆ। ਬਰਤਾਨੀਆ ਨੇ ਅਮਰੀਕਾ ਤੇ ਦਬਾਅ ਪਾਇਆ ਕਿ ਗ਼ਦਰੀਆਂ ਵਿਰੁੱਧ ਕੇਸ ਚਲਾਏ ਜਾਣ । ਇਸ ਮਜਬੂਰੀ ਵਿੱਚ ਅਮਰੀਕਾ ਨੇ ਗ਼ਦਰੀਆਂ ਨੂੰ ਫੜ ਕੇ ਜੇਲ੍ਹਾਂ ਅੰਦਰ ਡੱਕ ਦਿੱਤਾ, ਜਿਹਨਾਂ ਵਿੱਚ ਰਾਮ ਚੰਦਰ ਵੀ ਸੀ । ਰਾਮ ਚੰਦਰ ਨੇ ਆਪਣਾ ਕੇਸ ਵੱਖਰੇ ਤੌਰ 'ਤੇ ਵਕੀਲ ਕਰਕੇ ਲੜਿਆ ।

ਰਾਮ ਚੰਦਰ ਇਕੱਲਾ ਕੇਸ ਹੀ ਵੱਖਰਾ ਨਹੀਂ ਸੀ ਲੜ ਰਿਹਾ, ਉਹ ਅਦਾਲਤ ਵਿੱਚ ਬਿਆਨ ਦੇ ਕੇ ਗ਼ਦਰੀਆਂ ਦਾ ਕੇਸ ਵੀਂ ਮਜ਼ੋਰ ਕਰ ਰਿਹਾ ਸੀ। ਗਦਰੀ ਰਾਮ ਚੰਦਰ ਦੀ ਇਸ ਅਤਿ-ਨਿੰਦਣਯੋਗ ਕਾਰਵਾਈ ਤੋਂ ਗਦਰੀ ਬਹੁਤ ਔਖੇ ਹੋ ਗਏ ਤੇ ਅਖੀਰ ਗ਼ਦਰੀਆਂ ਨੇ ਫੈਸਲਾ ਕਰਕੇ ਭਾਈ ਰਾਮ ਸਿੰਘ ਧੁਲੇਤਾ ਦੀ ਡਿਊਟੀ ਲਾਈ ਕਿ ਇਸ ਦਾ ਜਾਨ ਤੋਂ ਖਾਤਮਾ ਕੀਤਾ ਜਾਵੇ।

23 ਅਪ੍ਰੈਲ 1918 ਦਾ ਦਿਨ ਸੀ ਤੇ ਅਦਾਲਤ ਦੁਪਹਿਰ ਦੇ ਖਾਣੇ ਵਾਸਤੇ ਕੁਝ ਸਮਾਂ ਬਰਖਾਸਤ ਹੋਈ । ਜੱਜ ਕਚਹਿਰੀ 'ਚੋਂ ਜਾ ਚੁੱਕਾ ਸੀ ਤੇ ਬਾਕੀ ਸਾਰੇ ਹਾਲੇ ਕੋਰਟ ਰੂਮਾਂ ਦੇ ਅੰਦਰ ਹੀ ਸਨ। ਪੰਡਤ ਰਾਮ ਚੰਦਰ ਆਪਣੀ ਜਗ੍ਹਾ ਤੋਂ ਉੱਠ ਕੇ ਆਪਣੇ ਵਕੀਲ ਕੋਲ ਸਲਾਹ ਕਰਨ ਲਈ ਗਿਆ ਤੇ ਭਾਈ ਰਾਮ ਸਿੰਘ ਵੀ ਛੁਪਦੇ-ਛੁਪਦੇ ਉਸ ਦੇ ਪਿੱਛੇ ਚਲਾ ਗਿਆ। ਰਾਮ ਸਿੰਘ ਨੇ ਪੰਡਤ ਰਾਮ ਚੰਦਰ ਦੇ ਗੋਲੀਆਂ ਦਾਗ ਦਿੱਤੀਆਂ । ਉਹ ਕੁਝ ਸਮਾਂ ਤੜਫਣ ਤੋਂ ਬਾਅਦ ਜਹੰਨਮ ਪਹੁੰਚ ਗਿਆ। ਮੌਕੇ ਦੇ ਮਾਰਸ਼ਲ ਹੌਲੋਹੈਨ ਨੇ ਭਾਈ ਰਾਮ ਸਿੰਘ ਧੁਲੇਤਾ ਨੂੰ ਗ੍ਰਿਫਤਾਰ ਕਰਨ ਦੀ ਥਾਂ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ।

*# ਜਨਰਲ ਸਕੱਤਰ, ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ,*
*ਸੰਪਰਕ : 98760-78731*

# ਤਨਖਾਹ ਕੱਟਣ ਦੇ ਰੋਸ ਵਜੋਂ ਬੀ ਪੀ ਈ ਓ ਦੀ ਅਰਥੀ ਫੂਕੀ



**ਲੌਂਗੋਵਾਲ/ਚੀਮਾ (ਪ੍ਰਦੀਪ ਸੱਪਲ/ਰਵਿੰਦਰ ਚੀਮਾ)**

ਅਧਿਆਪਕਾਂ ਦੇ ਸਾਂਝੇ ਮੋਰਚੇ, ਸੰਯੁਕਤ ਕਿਸਾਨ ਮੋਰਚੇ, ਭਰਾਤਰੀ ਮਜ਼ਦੂਰ ਤੇ ਜਨਤਕ ਜਮਹੂਰੀ ਜਥੇਬੰਦੀਆਂ ਦੀਆਂ ਚੀਮਾ ਇਕਾਈਆਂ ਵੱਲੋਂ ਬੀਤੀ 16 ਫਰਵਰੀ ਦੇ ਭਾਰਤ ਬੰਦ ਮੌਕੇ ਟਰੇਡ ਜਥੇਬੰਦੀਆਂ ਦੇ ਸੱਦੇ 'ਤੇ ਦੇਸ਼ ਵਿਆਪੀ ਹੜਤਾਲ ਵਿੱਚ ਸ਼ਾਮਲ ਹੋਏ ਬਲਾਕ ਦੇ ਚਾਰ ਅਧਿਆਪਕਾਂ ਦੀਆਂ ਹੜਤਾਲ ਵਾਲੇ ਦਿਨਾਂ ਦੀਆਂ ਤਨਖਾਹਾਂ ਕੱਟਣ ਦੇ ਰੋਸ ਵਜੋਂ ਬੀ.ਪੀ.ਈ.ਓ. ਚੀਮਾ ਦੀ ਅਰਥੀ ਅੱਜ ਇਸ ਅਧਿਕਾਰੀ ਦੇ ਦਫ਼ਤਰ ਵਿਖੇ ਫੂਕੀ ਗਈ।

ਇਸ ਮੌਕੇ ਸੰਬੋਧਨ ਕਰਦਿਆਂ ਡੀ.ਟੀ.ਐੱਫ. (ਸਬੰਧਤ ਡੀ.ਐੱਮ.ਐੱਫ) ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਗਿਰ, ਸੂਬਾ ਆਗੂ ਮੇਘ ਰਾਜ ਗੌਰਮਿੰਟ ਟੀਚਰਜ਼ ਯੂਨੀਅਨ ਦੇ ਸੂਬਾ ਆਗੂ ਸਤਵੰਤ ਆਲਮਪੁਰ, ਸੋਨੂੰ ਸਿੰਘ, 6505 ਅਧਿਆਪਕ ਜਥੇਬੰਦੀ ਦੇ ਚਮਕੌਰ ਸਿੰਘ, ਭਿੰਦਰ ਸਿੰਘ, ਡੀ.ਟੀ.ਐੱਫ. ਦੇ ਬਲਬੀਰ ਲੌਂਗੋਵਾਲ, ਦਾਤਾ ਸਿੰਘ ਨਮੋਲ, ਜਸਬੀਰ ਨਮੋਲ, ਬੀ.ਕੇ.ਯੂ. ਉਗਰਾਹਾਂ ਦੇ ਰਾਜ ਸਿੰਘ ਬੀਰ ਕਲਾਂ, ਕਿਰਤੀ ਕਿਸਾਨ ਯੂਨੀਅਨ ਦੇ ਭਜਨ ਸਿੰਘ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਸਕੱਤਰ ਧਰਮਪਾਲ ਨਮੋਲ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਆਗੂ ਲਖਵੀਰ ਲੌਂਗੋਵਾਲ, ਜਮਹੂਰੀ ਅਧਿਕਾਰ ਸਭਾ ਦੇ ਸੂਬਾ ਆਗੂ ਵਿਸ਼ਵ ਕਾਂਤ, ਭੋਲਾ ਸਿੰਘ ਮਾਡਲ ਟਾਊਨ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ, ਮਜ਼ਦੂਰ ਜਥੇਬੰਦੀਆਂ, ਜਨਤਕ ਜਮਹੂਰੀ ਜਥੇਬੰਦੀਆਂ ਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ 16 ਫਰਵਰੀ ਦੇ ਭਾਰਤ ਬੰਦ ਦੀ ਕਾਲ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, ਵਿਦਿਆਰਥੀਆਂ, ਮੁਲਾਜ਼ਮਾਂ ਸਮੇਤ ਦੇਸ਼ ਦੀ ਸਮੁੱਚੀ ਜਨਤਾ ਦੇ ਹੱਕੀ ਮਸਲਿਆਂ ਨੂੰ ਲੈ ਕੇ ਦਿੱਤੀ ਗਈ ਸੀ, ਜਿਸ ਵਿੱਚ ਪੰਜਾਬ ਵਿੱਚੋਂ ਵੱਡੀ ਗਿਣਤੀ ਵਿੱਚ ਮੁਲਾਜ਼ਮਾਂ ਨੇ ਹੜਤਾਲ ਕਰਕੇ ਸ਼ਮੂਲੀਅਤ ਕੀਤੀ ਸੀ। ਸੰਗਰੂਰ ਜ਼ਿਲ੍ਹੇ ਵਿੱਚੋਂ ਵੀ ਵੱਡੀ ਗਿਣਤੀ ਅਧਿਆਪਕਾਂ ਸਮੇਤ ਮੁਲਾਜ਼ਮਾਂ ਨੇ ਹੜਤਾਲ ਕੀਤੀ ਸੀ।ਜ਼ਿਲ੍ਹੇ ਵਿੱਚ ਤਿੰਨ ਬੀ.ਪੀ.ਈ.ਓਜ਼ ਨੂੰ ਛੱਡ ਕੇ ਹੋਰ ਕਿਸੇ ਵੀ ਡੀ.ਡੀ.ਓ. ਨੇ ਹੜਤਾਲ ਵਾਲੇ ਅਧਿਆਪਕਾਂ ਦੀ ਤਨਖਾਹ ਨਹੀਂ ਕੱਟੀ, ਇਨ੍ਹਾਂ ਤਿੰਨ ਬੀ.ਪੀ.ਈ.ਓਜ਼ ਵਿੱਚ ਚੀਮਾ ਬਲਾਕ ਦਾ ਤਿੰਨ ਬੀ.ਪੀ.ਈ.ਓ. ਵੀ ਸ਼ਾਮਲ ਹੈ।ਆਗੂਆਂ ਨੇ ਕਿਹਾ ਕਿ ਅਧਿਆਪਕਾਂ ਦੀ ਤਨਖਾਹ ਕੱਟ ਕੇ ਉਕਤ ਅਧਿਕਾਰੀ ਨੇ ਆਪਣਾ ਲੋਕ ਵਿਰੋਧੀ ਕਿਰਦਾਰ ਦਿਖਾਇਆ ਹੈ, ਇਹ ਬੀ.ਪੀ.ਈ.ਓ. ਪਿਛਲੇ ਸਮੇਂ ਵਿੱਚ ਵੀ ਅਧਿਆਪਕ ਵਿਰੋਧੀ ਕਾਰਵਾਈਆਂ ਕਰਦਾ ਰਿਹਾ ਹੈ, ਪ੍ਰੰਤੂ ਆਪਣੀ ਇਸ ਕਾਰਵਾਈ ਨਾਲ ਇਹ ਸਮੁੱਚੇ ਮੁਲਾਜ਼ਮ ਵਰਗ ਸਮੇਤ ਲੋਕ ਮੁੱਦਿਆਂ ਨੂੰ ਹੱਲ ਕਰਾਉਣ ਲਈ ਬਣ ਰਹੀ ਲੋਕ ਲਹਿਰ ਦੇ ਵਿਰੁੱਧ ਭੁਗਤਿਆ ਹੈ।ਇਸ ਲਈ ਜ਼ਰੂਰੀ ਹੈ ਕਿ ਇਸ ਅਫ਼ਸਰ ਦਾ ਚਿਹਰਾ ਲੋਕਾਂ ਦੀ ਕਚਹਿਰੀ ਵਿੱਚ ਨੰਗਾ ਕੀਤਾ ਜਾਵੇ।ਇਸ ਤੋਂ ਇਲਾਵਾ ਇੱਕ ਪਾਸੇ ਤਾਂ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਵੱਲੋਂ ਜਥੇਬੰਦੀਆਂ ਨੂੰ ਦਿੱਤੀ ਜਾਣਕਾਰੀ ਅਨੁਸਾਰ ਇਸ ਬੀ.ਪੀ.ਈ.ਓ. ਨੇ ਹੜਤਾਲ ਵਾਲੇ ਤਨਖਾਹ ਦੇਣ ਸਬੰਧੀ ਉਨ੍ਹਾਂ ਦੇ ਦਫ਼ਤਰ ਤੋਂ ਅਗਵਾਈ ਮੰਗੀ ਸੀ ਤੇ ਉਨ੍ਹਾਂ ਨੇ ਅਗਵਾਈ ਸਬੰਧੀ ਪੱਤਰ ਡਾਇਰੈਕਟਰ ਦੇ ਦਫ਼ਤਰ ਨੂੰ ਭੇਜ ਦਿੱਤਾ ਸੀ ਅਤੇ ਉਸ ਦਾ ਹਾਲੇ ਕੋਈ ਜਵਾਬ ਨਹੀਂ ਆਇਆ ਹੈ।ਇਸ ਤਰ੍ਹਾਂ ਇਸ ਅਧਿਕਾਰੀ ਨੇ ਬਿਨਾਂ ਉੱਚ ਅਧਿਕਾਰੀਆਂ ਦੀ ਅਗਵਾਈ ਉਡੀਕਿਆਂ ਆਪਣੀ ਮਨਮਰਜ਼ੀ ਨਾਲ ਅਧਿਆਪਕਾਂ ਦੀ ਤਨਖਾਹ ਕੱਟੀ ਹੈ।ਜਥੇਬੰਦੀਆਂ ਇਸ ਅਧਿਕਾਰੀ ਦੇ ਅਧਿਆਪਕ ਵਿਰੋਧੀ ਕਿਰਦਾਰ ਤੇ ਬਲਾਕ ਵਿੱਚ ਇਸ ਦੀਆਂ ਬੇਨਿਯਮੀਆਂ ਵਿਰੁੱਧ ਮੋਰਚਾ ਵਿੱਢਿਆ ਹੋਇਆ ਹੈ, ਜਿਸਦੇ ਚੱਲਦੇ ਜਥੇਬੰਦੀਆਂ ਨਾਲ ਰੰਜਿਸ਼ ਦੇ ਤਹਿਤ ਇਸ ਨੇ ਅਧਿਆਪਕਾਂ ਦੀ ਤਨਖਾਹ ਕੱਟੀ ਹੈ।ਆਗੂਆਂ ਨੇ ਕਿਹਾ ਕਿ ਉਹ 29 ਜਨਵਰੀ ਨੂੰ ਇੱਕ ਵੱਡੇ ਵਫ਼ਦ ਦੇ ਰੂਪ ਵਿੱਚ ਇਸ ਮਸਲੇ 'ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਨੂੰ ਮਿਲ ਰਹੇ ਹਨ।ਜੇਕਰ ਫੇਰ ਵੀ ਮਸਲਾ ਹੱਲ ਨਹੀਂ ਹੁੰਦਾ ਤਾਂ ਉਹ ਵੱਡੀ ਲਾਮਬੰਦੀ ਨਾਲ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਦਫ਼ਤਰ ਵਿਖੇ ਵੱਡਾ ਜਥੇਬੰਦਕ ਐਕਸ਼ਨ ਕੀਤਾ ਜਾਵੇਗਾ।ਇਸ ਅਰਥੀ ਫੂਕ ਪ੍ਰਦਰਸ਼ਨ ਵਿੱਚ ਉਕਤ ਜਥੇਬੰਦੀਆਂ ਦੇ ਵੱਡੀ ਗਿਣਤੀ ਵਿੱਚ ਅਧਿਆਪਕਾਂ, ਕਿਸਾਨਾਂ, ਮਜ਼ਦੂਰਾਂ ਤੇ ਜਮਹੂਰੀ ਕਾਰਕੁਨਾਂ ਨੇ ਹਿੱਸਾ ਲਿਆ।

# ਅੱਗ ਲੱਗਣ ਨਾਲ ਪੰਜਾਹ ਏਕੜ ਕਣਕ ਦੀ ਫਸਲ ਸੜ ਕੇ ਸੁਆਹ

## ਵਿਧਾਇਕ ਕਾਕਾ ਬਰਾੜ ਮੌਕੇ 'ਤੇ ਪੁੱਜੇ, ਮੁਆਵਜ਼ਾ ਜਲਦ ਦੇਣ ਦੀ ਕਹੀ ਗੱਲ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਨੇੜਲੇ ਪਿੰਡ ਹਰਾਜ ਵਿਖੇ ਅਚਾਨਕ ਅੱਗ ਲੱਗਣ ਕਾਰਨ ਕਣਕ ਦੀ ਫ਼ਸਲ ਸੜ ਜਾਣ ਦੀ ਘਟਨਾ ਦਾ ਪਤਾ ਲੱਗਦਿਆਂ ਹੀ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਮੌਕੇ 'ਤੇ ਪੁੱਜੇ।ਕਾਕਾ ਬਰਾੜ ਨੇ ਮੌਕੇ 'ਤੇ ਪਹੁੰਚ ਕੇ ਕਿਸਾਨਾਂ ਨਾਲ ਗੱਲਬਾਤ ਕੀਤੀ ਤੇ ਫਸਲ ਦਾ ਜਾਇਜ਼ਾ ਲਿਆ।ਇਸ ਘਟਨਾ ਵਿੱਚ ਪਿੰਡ ਹਰਾਜ ਤੇ ਪਿੰਡ ਖੋਖਰ ਦੀ ਕਰੀਬ ਪੰਜਾਹ ਏਕੜ ਕਣਕ ਦੀ ਫਸਲ ਸੜ ਕੇ ਸੁਆਹ ਹੋ ਗਈ।ਆਮ ਆਦਮੀ ਪਾਰਟੀ ਵੱਲੋਂ ਲੋਕ ਸਭਾ ਹਲਕਾ ਫ਼ਿਰੋਜ਼ਪੁਰ ਤੋਂ ਆਪਣਾ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਲੋਕ ਸੰਪਰਕ ਵਿੱਚ ਕਾਫੀ ਰੁਝੇਵਿਆਂ ਦੇ ਬਾਵਜੂਦ ਜਿਵੇਂ ਹੀ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਆਪਣੇ ਹਲਕੇ ਦੇ ਪਿੰਡ ਹਰਾਜ ਵਿੱਚ ਕਣਕ ਦੀ ਫ਼ਸਲ ਨੂੰ ਅੱਗ ਲੱਗਣ ਦੀ ਘਟਨਾ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਸਭ ਕੰਮ ਅੱਧ ਵਿਚਾਲੇ ਛੱਡ ਕੇ ਘਟਨਾ ਵਾਲੀ ਥਾਂ 'ਤੇ ਰਵਾਨਾ ਹੋ ਗਏ।ਉਨ੍ਹਾਂ ਘਟਨਾ ਵਾਲੀ ਥਾਂ 'ਤੇ ਮੌਜੂਦ ਦੁਖੀ ਕਿਸਾਨਾਂ ਨੂੰ ਦਿਲਾਸਾ ਦਿੱਤਾ।ਵਿਧਾਇਕ ਕਾਕਾ ਬਰਾੜ ਨੇ ਦੱਸਿਆ ਕਿ ਪਿੰਡ ਹਰਾਜ ਤੇ ਖੋਖਰ ਦੀ ਇਕੱਠਿਆਂ ਕਰੀਬ ਪੰਜਾਹ ਏਕੜ ਫਸਲ ਸੜ ਕੇ ਸੁਆਹ ਹੋ ਗਈ ਹੈ।ਉਨ੍ਹਾਂ ਦੱਸਿਆ ਕਿ ਜਿਨ੍ਹਾਂ ਕਿਸਾਨਾਂ ਦੀ ਫ਼ਸਲ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਵਿੱਚ ਦੋ-ਚਾਰ ਏਕੜ ਵਾਲੇ ਕੁਝ ਛੋਟੇ ਜ਼ਿਮੀਂਦਾਰ ਵੀ ਹਨ, ਜਿਨ੍ਹਾਂ ਦੀ ਸਾਰੀ ਫ਼ਸਲ ਅੱਗ ਵਿੱਚ ਸੜ ਕੇ ਸੁਆਹ ਹੋ ਗਈ ਹੈ।ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਉਹ ਇਸ ਸਬੰਧੀ ਡਿਪਟੀ ਕਮਿਸ਼ਨਰ ਨੂੰ ਮਿਲ ਕੇ ਉਨ੍ਹਾਂ ਦੇ ਹੋਏ ਨੁਕਸਾਨ ਦਾ ਜਲਦ ਤੋਂ ਜਲਦ ਮੁਆਵਜ਼ਾ ਦਿਵਾਉਣ ਲਈ ਉਪਰਾਲੇ ਕਰਨਗੇ।ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਪ੍ਰਧਾਨ ਜਸ਼ਨ ਬਰਾੜ ਲੱਖੇਵਾਲੀ, ਸੁੱਖਾ ਹਰਾਜ, ਸ਼ਮਸ਼ੇਰ ਸਿੰਘ ਹਰਾਜ ਅਤੇ ਮਨਦੀਪ ਖੋਖਰ ਆਦਿ ਹਾਜ਼ਰ ਸਨ।



# ਡਾ. ਸੁਨੀਲ ਭਗਤ 'ਤੇ ਹਮਲੇ ਨੂੰ ਲੈ ਕੇ ਸਿਹਤ ਕਰਮਚਾਰੀਆਂ ਵੱਲੋਂ ਰੋਸ ਰੈਲੀ




**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਿਵਲ ਹਸਪਤਾਲ ਵਿਖੇ ਪੀਸੀਐੱਮਐੱਸ ਜ਼ਿਲ੍ਹਾ ਪ੍ਰਧਾਨ ਡਾਕਟਰ ਜਤਿੰਦਰ ਕੋਛੜ ਦੀ ਅਗਵਾਈ 'ਚ ਹੁਸ਼ਿਆਰਪੁਰ ਵਿਖੇ ਡਾਕਟਰ ਸੁਨੀਲ ਭਗਤ ਐੱਸ ਐੱਮ ਓ ਤੇ ਈ ਐੱਸ ਆਈ ਹਸਪਤਾਲ ਹੁਸ਼ਿਆਰਪੁਰ 'ਤੇ ਹੋਏ ਹਮਲੇ ਨੂੰ ਲੈ ਕੇ ਅੱਜ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਦੋ ਘੰਟੇ ਦਾ ਕੰਮ ਬੰਦ ਕਰਕੇ ਰੋਸ ਰੈਲੀ ਕੀਤੀ ਗਈ।ਇਸ ਮੌਕੇ ਜਤਿੰਦਰ ਕੋਛੜ ਨੇ ਦੱਸਿਆ ਕਿ ਅੱਜ ਪੂਰੇ ਪੰਜਾਬ ਵਿੱਚ ਡਾਕਟਰ ਸੁਨੀਲ ਦੇ ਹੋਏ ਹਮਲੇ ਦੇ ਸਬੰਧ ਵਿੱਚ ਦੋ ਘੰਟੇ ਦਾ ਕੰਮ ਬੰਦ ਕੀਤਾ ਗਿਆ ਤੇ ਇਸ ਸਬੰਧੀ ਕੱਲ੍ਹ ਹੋਈ ਸਿਹਤ ਮੰਤਰੀ ਨਾਲ ਮੀਟਿੰਗ ਵਿੱਚ ਜਥੇਬੰਦੀ ਨੂੰ ਸਰਕਾਰ ਨੇ ਵਿਸ਼ਵਾਸ ਦਿਵਾਇਆ ਗਿਆ ਹੈ ਕਿ ਡਾਕਟਰ ਸੁਨੀਲ ਭਗਤ ਦਾ ਸਾਰਾ ਖਰਚਾ ਸਰਕਾਰ ਵੱਲੋਂ ਕੀਤਾ ਜਾਵੇਗਾ ਤੇ ਡਾਕਟਰ ਸੁਨੀਲ ਭਗਤ ਦੇ ਪਰਵਾਰ ਨੂੰ ਲੁਧਿਆਣਾ ਵਿਖੇ ਠਹਿਰਣ ਦਾ ਪ੍ਰਬੰਧ ਕੀਤਾ ਜਾਵੇਗਾ।ਇਸ ਸਬੰਧੀ ਸਿਵਲ ਸਰਜਨ ਤੇ ਡਿਪਟੀ ਡਾਕਟਰ ਦੇ ਪੱਧਰ 'ਤੇ ਸ਼ਿਕਾਇਤ ਨਿਰਵਾਰਨ ਕਮੇਟੀ ਦੀ ਸਥਾਪਨਾ ਕੀਤੀ ਜਾਵੇਗੀ, ਭਵਿੱਖ ਵਿੱਚ ਅਜਿਹੀ ਘਟਨਾ ਨਾ ਵਾਪਰੇ।ਇਸ ਸਬੰਧੀ ਸੰਸਥਾ ਦਾ ਮੁਖੀ ਐੱਫ ਆਈ ਆਰ ਦਰਜ ਕਰਵਾਉਣ ਲਈ ਜ਼ਿੰਮੇਵਾਰ ਹੋਵੇਗਾ।ਉਨ੍ਹਾਂ ਦੱਸਿਆ ਕਿ ਨੈਤਿਕਤਾ ਦੇ ਅਧਾਰ 'ਤੇ ਕੋਈ ਵੀ ਵਿਅਕਤੀ ਨੂੰ ਵੀਡੀਓਗ੍ਰਾਫੀ ਕਰਨ ਦਾ ਅਧਿਕਾਰ ਨਹੀਂ।ਵਿੱਤ ਮੰਤਰੀ ਵਿਸ਼ਵਾਸ ਦਿਵਾਇਆ ਕਿ ਜਲਦੀ ਹੀ 600 ਮੈਡੀਕਲ ਅਫਸਰ ਤੇ 1200 ਪੈਰਾ-ਮੈਡੀਕਲ ਸਟਾਫ ਦੀ ਜਲਦੀ ਤੋਂ ਜਲਦੀ ਭਰਤੀ ਕੀਤੀ ਜਾਵੇ ਤਾਂ ਜੋ ਲੋਕਾਂ ਨੂੰ ਸਿਹਤ ਸਹੂਲਤਾਂ ਦਿੱਤੀਆਂ ਜਾ ਸਕਣ।ਇਸ ਸਬੰਧ ਵਿੱਚ ਪੈਰਾ-ਮੈਡੀਕਲ ਸਿਹਤ ਕਰਮਚਾਰੀ ਉਨ੍ਹਾਂ ਦੇ ਜ਼ਿਲ੍ਹਾ ਪ੍ਰਧਾਨ ਸੁਧੀਰ ਦੀ ਅਗਵਾਈ ਵਿੱਚ ਪੈਰਾ-ਮੈਡੀਕਲ ਸਿਹਤ ਕਰਮਚਾਰੀ ਦੇ ਸਾਰੇ ਸਾਥੀਆਂ ਨੇ ਆਪਣਾ ਕੰਮ ਬੰਦ ਕਰਕੇ ਪੂਰਨ ਸਹਿਯੋਗ ਦਿੱਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰਿੰਦਰ ਸ਼ਰਮਾ ਪੈਰਾ-ਮੈਡੀਕਲ ਸਿਹਤ ਕਰਮਚਾਰੀ ਯੂਨੀਅਨ ਜ਼ਿਲ੍ਹਾ ਪੰਜਾਬ ਦੇ ਮੀਤ ਪ੍ਰਧਾਨ, ਕਲਾਸ ਫੋਰ ਯੂਨੀਅਨ ਦੇ ਪੰਜਾਬ ਦੇ ਮੀਤ ਪ੍ਰਧਾਨ ਰਾਮ ਪ੍ਰਸਾਦ, ਸੀਨੀਅਰ ਮੈਡੀਕਲ ਅਫਸਰ ਵਿਸ਼ਾਲ ਬਜਾਜ, ਡਾਕਟਰ ਪੰਕਜ, ਡਾਕਟਰ ਨਵੀਨ ਸੇਠੀ, ਡਾਕਟਰ ਡੇਵਿਡ, ਡਾਕਟਰ ਸਤਿੰਦਰ ਕੌਰ, ਡਾਕਟਰ ਸੌਰਵ, ਡਾਕਟਰ ਯੁਗਪ੍ਰੀਤ, ਡਾਕਟਰ ਮਨਪ੍ਰੀਤ, ਡਾਕਟਰ ਆਗਿਆਪਾਲ, ਮੋਨਿਕਾ ਬੇਦੀ, ਸੁਮਿਤ, ਕਰਨ ਸਿੰਘ, ਗੁਰਪ੍ਰੀਤ, ਨਿਰਭੈ, ਗੁਰਮੇਲ ਸਿੰਘ, ਮਨੀਸ਼ ਸੰਦੀਪ, ਜਤਿੰਦਰ ਸ਼ਰਮਾ, ਮਨਦੀਪ, ਗਤੰਜਲੀ, ਪ੍ਰਵੀਨ ਸ਼ੈਲੀ, ਅਮਨਦੀਪ ਕੌਰ, ਕੋਮਲ, ਰਾਜਵੀਰ ਸਿੰਘ, ਰੋਸ਼ਨ, ਵਿਜੇ ਕੁਮਾਰ ਆਦਿ ਹਾਜ਼ਰ ਸਨ।

## ਕਾਤਰਾਂ

### ਕੰਮ 'ਤੇ ਜਾ ਰਹੇ ਵਿਅਕਤੀ ਦੀ ਕੁੱਟਮਾਰ



**ਅਮਲੋਹ (ਲਖਵੀਰ ਸਿੰਘ)**-ਇੱਕ ਫੈਕਟਰੀ ਵਿੱਚ ਸੁਪਰਵਾਈਜ਼ਰ ਦਾ ਕੰਮ ਕਰਦੇ ਇੱਕ ਵਿਅਕਤੀ ਪਿੰਟੂ ਕੁਮਾਰ ਉਪਰ ਕੁੱਝ ਵਿਅਕਤੀਆਂ ਵੱਲੋਂ ਹਮਲਾ ਕੀਤੇ ਜਾਣ ਦੀ ਖ਼ਬਰ ਹੈ ਅਤੇ ਜ਼ਖ਼ਮੀ ਵਿਅਕਤੀ ਸਿਵਲ ਹਸਪਤਾਲ ਅਮਲੋਹ ਵਿਖੇ ਜ਼ੇਰੇ ਇਲਾਜ ਹੈ।ਇਸ ਸਬੰਧੀ ਗੱਲਬਾਤ ਕਰਦਿਆਂ ਪਿੰਟੂ ਨੇ ਦੱਸਿਆ ਕਿ ਉਹ ਡਿਊਟੀ ਉੱਪਰ ਸਵਾ ਸੱਤ ਵਜੇ ਦੇ ਕਰੀਬ ਜਾ ਰਿਹਾ ਸੀ ਤੇ ਮਾਧਵ ਫੈਕਟਰੀ ਨਜ਼ਦੀਕ ਦੋ ਵਾਹਨਾਂ ਉਪਰ ਆਏ ਪੰਜ ਵਿਅਕਤੀ ਉਸ ਦੀ ਕੁੱਟਮਾਰ ਕਰਕੇ ਭੱਜ ਗਏ ਅਤੇ ਉਨ੍ਹਾਂ ਦੇ ਮੂੰਹ ਲਵੇਟੇ ਹੋਏ ਸਨ।ਉਸ ਨੇ ਦੱਸਿਆ ਕਿ ਇਸ ਸਬੰਧੀ ਮੇਰੇ ਵੱਲੋਂ ਸਕਿਉਰਿਟੀ ਗਾਰਡ ਨੂੰ ਜਾਣੂ ਕਰਵਾਇਆ ਗਿਆ, ਜਿਨ੍ਹਾਂ ਮੈਨੂੰ ਸਰਕਾਰੀ ਹਸਪਤਾਲ ਅਮਲੋਹ ਵਿਖੇ ਦਾਖਲ ਕਰਵਾਇਆ।ਉਨ੍ਹਾ ਪੁਲਸ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਕੁੱਟਮਾਰ ਕਰਨ ਵਾਲਿਆਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ।

### ਬੀ ਐੱਸ ਐੱਫ ਵੱਲੋਂ ਕਰੋੜਾਂ ਦੀ ਹੈਰੋਇਨ ਤੇ ਡਰੋਨ ਬਰਾਮਦ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਭਾਰਤ-ਪਾਕਿ ਸਰਹੱਦ ਨਾਲ ਲੱਗਦੇ ਮਮਦੋਟ ਸੈਕਟਰ 'ਚ ਬੀ ਐੱਸ ਐੱਫ ਨੇ ਪਾਕਿਸਤਾਨ ਵੱਲੋਂ ਭੇਜੇ ਗਏ ਡਰੋਨ ਸਮੇਤ ਹੈਰੋਇਨ ਦੇ 3 ਪੈਕੇਟ ਬਰਾਮਦ ਕੀਤੇ ਹਨ।ਪ੍ਰਾਪਤ ਜਾਣਕਾਰੀ ਅਨੁਸਾਰ ਇਸ ਇਲਾਕੇ ਵਿੱਚ ਬੀ.ਐੱਸ.ਐੱਫ. ਨੇ ਰਾਤ ਨੂੰ ਡਰੋਨ ਦੇਖਿਆ ਅਤੇ ਤੁਰੰਤ ਬੀ.ਐੱਸ.ਐੱਫ. ਵੱਲੋਂ ਤਲਾਸ਼ੀ ਮੁਹਿੰਮ ਚਲਾਈ ਗਈ।ਇਹ ਡਰੋਨ ਤੇ 3 ਪੈਕੇਟ ਹੈਰੋਇਨ ਦੀ ਖੇਪ ਕੰਡਿਆਲੀ ਤਾਰ ਨੇੜੇ ਇੱਕ ਖੇਤ ਵਿੱਚੋਂ ਬਰਾਮਦ ਕੀਤੀ ਗਈ।ਬਰਾਮਦ ਕੀਤਾ ਗਿਆ ਡਰੋਨ ਚੀਨ ਦਾ ਬਣਿਆ ਹੈ ਤੇ ਇਹ ਡੀ.ਜੇ.ਆਈ. ਮੈਟ੍ਰਿਕਸ 300 ਆਰਪੀਕੇ ਡਰੋਨ ਬੀ.ਐੱਸ.ਐੱਫ ਆਈ.ਪੀ.ਸੀ. ਵੱਲੋਂ ਇਸ ਨੂੰ ਆਪਣੀ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਅਤੇ ਜਾਂਚ ਕੀਤੀ ਜਾ ਰਹੀ ਹੈ ਕਿ ਕਿਸ ਭਾਰਤੀ ਸਮੱਗਲਰਾਂ ਨੇ ਹੈਰੋਇਨ ਦੀ ਇਹ ਖੇਪ ਡਰੋਨ ਰਾਹੀਂ ਮੰਗਵਾਈ ਸੀ ਅਤੇ ਅੱਗੇ ਕਿੱਥੇ ਸਪਲਾਈ ਕੀਤੀ ਜਾਣੀ ਸੀ? ਫੜੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ ਕਰੋੜਾਂ ਰੁਪਏ ਦੱਸੀ ਜਾਂਦੀ ਹੈ।

### ਜ਼ਮੀਨ ਦਾ ਝੂਠਾ ਇਕਰਾਰਨਾਮਾ ਕਰਕੇ 40 ਲੱਖ ਠੱਗੇ, 3 ਖਿਲਾਫ ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਅਧੀਨ ਆਉਂਦੇ ਪਿੰਡ ਕੋਟ ਭਾਈ ਸੌਦਾਗਰ ਦਾਖਲੀ ਮਾਛੀਵਾੜਾ ਵਿਖੇ ਜ਼ਮੀਨ ਦਾ ਝੂਠਾ ਇਕਰਾਰਨਾਮਾ ਕਰਕੇ 40 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ 3 ਵਿਅਕਤੀਆਂ ਖਿਲਾਫ 420 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਦਰਖਾਸਤ/ਯੂਆਈਡੀ ਨੰਬਰ 265702 ਰਾਹੀਂ ਗੁਰਦੇਵ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਕੋਟ ਭਾਈ ਸੌਦਾਗਰ ਦਾਖਲੀ ਮਾਛੀਵਾੜਾ ਜ਼ਿਲ੍ਹਾ ਫਿਰੋਜ਼ਪੁਰ ਨੇ ਦੱਸਿਆ ਕਿ ਦੋਸ਼ੀਆਨ ਦਾਰਾ ਸਿੰਘ ਪੁੱਤਰ ਮੁਨਸ਼ਾ ਸਿੰਘ, ਅਮਰਜੀਤ ਸਿੰਘ ਪੁੱਤਰ ਦਾਰਾ ਸਿੰਘ ਤੇ ਸਰਬਜੀਤ ਸਿੰਘ ਪੁੱਤਰ ਰੇਸ਼ਮ ਸਿੰਘ ਵਾਸੀਆਨ ਪਿੰਡ ਹਬੀਬ ਵਾਲਾ ਵੱਲੋਂ ਉਸ ਨਾਲ ਜ਼ਮੀਨ ਦਾ ਝੂਠਾ ਇਕਰਾਰਨਾਮਾ ਕਰਕੇ 40 ਲੱਖ ਰੁਪਏ ਦੀ ਠੱਗੀ ਮਾਰੀ ਹੈ। ਜਾਂਚਕਰਤਾ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਬਾਅਦ ਪੜਤਾਲ ਉਕਤ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

# ਤੇਜ਼ ਰਫ਼ਤਾਰ ਬ੍ਰੀਜ਼ਾ ਨੇ ਬਾਈਕ ਸਵਾਰ ਦਰੜਿਆ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਸੋਮਵਾਰ ਸਵੇਰੇ ਨੈਸ਼ਨਲ ਹਾਈਵੇ 54 'ਤੇ ਪਿੰਡ ਜੰਡਵਾਲਾ ਦੇ ਕੋਲ ਬਾਬਾ ਸ੍ਰੀ ਚੰਦ ਜੀ ਦੇ ਡੇਰੇ ਸਾਹਮਣੇ ਇੱਕ ਤੇਜ਼ ਰਫਤਾਰ ਬ੍ਰੀਜ਼ਾ ਕਾਰ ਬੇਕਾਬੂ ਹੋ ਕੇ ਮੋਟਰਸਾਈਕਲ 'ਚ ਵੱਜੀ ਤੇ ਮੋਟਰਸਾਈਕਲ ਸਵਾਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ, ਜਿਸ ਨੂੰ ਗੰਭੀਰ ਹਾਲਤ 'ਚ ਮੈਡੀਕਲ ਹਸਪਤਾਲ ਲਿਜਾਇਆ ਗਿਆ।ਮੌਕੇ 'ਤੇ ਮੌਜੂਦ ਲੋਕਾਂ ਤੇ ਪਿੰਡ ਵਾਸੀਆਂ ਨੇ ਦੱਸਿਆ ਕਿ ਅੰਮ੍ਰਿਤਸਰ ਵਾਲੇ ਪਾਸੇ ਤੋਂ ਇੱਕ ਪੀ ਬੀ 04 ਏ ਏ 5919 ਬ੍ਰੀਜ਼ਾ ਗੱਡੀ ਬਹੁਤ ਹੀ ਤੇਜ਼ ਰਫਤਾਰ ਨਾਲ ਆ ਰਹੀ ਸੀ ਕਿ ਅਚਾਨਕ ਉਹ ਬੇਕਾਬੂ ਹੋ ਗਈ, ਜੋ ਸੜਕ ਵਿਚਕਾਰ ਬਣੇ ਡਿਵਾਈਡਰ ਨੂੰ ਪਾਰ ਕਰ ਦੂਜੇ ਪਾਸੇ ਜਾ ਰਹੇ ਗੁਰਕੀਰਤ ਸਿੰਘ ਪੁੱਤਰ ਗੁਰਮੇਲ ਸਿੰਘ (22) ਬਜਾਜ ਸੀ ਟੀ ਪੀ ਬੀ 30 ਐਕਸ 5331 ਮੋਟਰਸਾਈਕਲ 'ਚ ਜਾ ਵੱਜੀ, ਜਿਸ ਕਾਰਨ ਬਾਇਕ ਸਵਾਰ ਨੌਜਵਾਨ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ, ਜਿਸ ਨੂੰ ਤੁਰੰਤ ਲੋਕਾਂ ਵੱਲੋਂ ਮਦਦ ਕਰ ਫਰੀਦਕੋਟ ਦੇ ਗੁਰੂ ਗੋਬਿਦ ਸਿੰਘ ਮੈਡੀਕਲ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਹਾਲਤ ਕਾਫੀ ਗੰਭੀਰ ਬਣੀ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ ਗੁਰਕੀਰਤ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਮੰਡਵਾਲਾ, ਜੋ ਵਰਕਸ਼ਾਪ 'ਤੇ ਮਕੈਨਿਕ ਦਾ ਕੰਮ ਕਰਦਾ ਸੀ ਤੇ ਹਰ ਰੋਜ਼ ਦੀ ਤਰ੍ਹਾਂ ਇਹ ਨੌਜਵਾਨ ਆਪਣੀ ਬਾਇਕ 'ਤੇ ਸਵਾਰ ਹੋ ਕੇ ਤਲਵੰਡੀ ਭਾਈ ਆਪਣੇ ਕੰਮ 'ਤੇ ਜਾ ਰਿਹਾ ਸੀ ਕਿ ਪਿੰਡ ਜੰਡਵਾਲਾ ਕੋਲ ਪਹੁੰਚਿਆ ਤਾਂ ਉਸ ਨਾਲ ਇਹ ਹਾਦਸਾ ਵਾਪਰ ਗਿਆ।ਫਿਲਹਾਲ ਪੁਲਸ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਪੁਲਸ ਅੱਤਿਆਚਾਰ ਖਿਲਾਫ ਥਾਣੇ ਮੂਹਰੇ ਚਲਦਾ ਧਰਨਾ 769ਵੇਂ ਦਿਨ ਟੱਪਿਆ



**ਜਗਰਾਉਂ (ਨਛੱਤਰ ਸੰਧੂ)**-ਪੁਲਸ ਅੱਤਿਆਚਾਰਾਂ ਖਿਲਾਫ ਜਨਤਕ ਜਥੇਬੰਦੀਆਂ ਤੇ ਪੀੜਤ ਪਰਵਾਰਾਂ ਵੱਲੋਂ ਥਾਣੇ ਮੂਹਰੇ ਅੱਜ 769ਵੇਂ ਦਿਨ ਵੀ ਧਰਨਾ ਲਗਾਇਆ ਗਿਆ।ਅੱਜ ਦੇ ਧਰਨੇ ਨੂੰ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਸਾਬਕਾ ਮੈਂਬਰ ਪ੍ਰਭਦਿਆਲ ਸਿੰਘ, ਪੀੜਤਾ ਮਨਪ੍ਰੀਤ ਕੌਰ ਧਾਲੀਵਾਲ, ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਪ੍ਰਧਾਨ ਬਲਵਿੰਦਰ ਸਿੰਘ ਕੋਠੇ ਪੋਨਾ, ਲਾਲ ਝੰਡਾ ਭੱਠਾ ਮਜ਼ਦੂਰ ਯੂਨੀਅਨ ਦੇ ਆਗੂ ਪਰਮਜੀਤ ਸਿੰਘ ਭੰਮੀਪੁਰਾ, ਮਿਸਤਰੀ ਮਜ਼ਦੂਰ ਯੂਨੀਅਨ (ਸੀਟੂ) ਦੇ ਤਹਿਸੀਲ ਪ੍ਰਧਾਨ ਨਿਰਮਲ ਸਿੰਘ ਧਾਲੀਵਾਲ, ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਪ੍ਰਧਾਨ ਜਸਪ੍ਰੀਤ ਸਿੰਘ ਢੋਲਣ, ਮਜ਼ਦੂਰ ਸੰਘਰਸ਼ ਕਮੇਟੀ ਦੇ ਪ੍ਰਧਾਨ ਭਰਪੂਰ ਸਿੰਘ ਛੱਜਾਵਾਲ, ਇਨਕਲਾਬੀ ਗਾਇਕ ਸੁਰੈਣ ਸਿੰਘ ਧੂਰਕੋਟ, ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਅਮਰੀਕ ਸਿੰਘ ਤਲਵੰਡੀ ਤੇ ਕਿਸਾਨ ਆਗੂ ਦਲਜੀਤ ਸਿੰਘ ਬਿੱਲੂ ਨੇ ਸੰਬੋਧਨ ਕੀਤਾ ਅਤੇ ਦੋਵੇਂ ਪੀੜਤ ਪਰਵਾਰਾਂ ਨੂੰ ਨਿਆਂ ਦੇਣ ਦੀ ਮੰਗ ਕੀਤੀ।ਆਗੂਆਂ ਨੇ ਕਿਹਾ ਕਿ ਇਨਸਾਫ ਦਿਵਾਉਣ ਲਈ ਸਥਾਨਕ ਸਿਟੀ ਥਾਣੇ ਮੂਹਰੇ ਅਣਮਿੱਥੇ ਸਮੇਂ ਦਾ ਪੱਕਾ ਧਰਨਾ ਲਗਾਇਆ ਹੋਇਆ ਹੈ।ਇਸ ਸਮੇਂ ਪੀੜਤ ਮਾਤਾ ਸੁਰਿੰਦਰ ਕੌਰ ਰਸੂਲਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦਿੱਲੀ ਦੇ ਹੁਕਮਾਂ ਅਨੁਸਾਰ ਪੈਨਸ਼ਨ ਤੇ ਮੁਆਵਜ਼ਾ ਦੇਣ ਵਿੱਚ ਢਿੱਲਮੱਠ ਵਰਤ ਰਹੀ ਹੈ।ਆਗੂਆਂ ਨੇ ਕਿਹਾ ਕਿ ਧਰਨੇ ਵਿੱਚ 5 ਧਰਨਾਕਾਰੀ ਸ਼ਹੀਦ ਹੋ ਜਾਣ ਦਾ ਵੀ ਮੌਜੂਦਾ ਸਰਕਾਰ ਨੂੰ ਮਲਾਲ ਨਹੀਂ ਹੈ।ਉਨ੍ਹਾਂ ਕਿਹਾ ਕਿ ਮੌਜੂਦਾ ਰਾਜ ਪ੍ਰਬੰਧ ਜਾਤੀ ਭੇਦਭਾਵ ਦਾ ਸ਼ਿਕਾਰ ਗਰੀਬਾਂ ਨੂੰ ਇਨਸਾਫ ਦਿਵਾਉਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਸਾਬਿਤ ਹੋ ਚੁੱਕਾ ਹੈ।ਜ਼ਿਕਰਯੋਗ ਹੈ ਕਿ 19 ਸਾਲ ਪਹਿਲਾਂ ਕਥਿਤ ਥਾਣੇਦਾਰ ਨੇ ਅਨੁਸੂਚਿਤ ਜਾਤੀ ਦੀਆਂ ਮਾਂ-ਧੀ ਨੂੰ ਅਗਵਾ ਕਰਕੇ ਨਜਾਇਜ਼ ਹਿਰਾਸਤ ਵਿਚ ਰੱਖ ਕੇ ਤਸੀਹੇ ਦਿੱਤੇ ਸਨ। ਮੁਦਈ ਮੁਕੱਦਮਾ ਇਕਬਾਲ ਸਿੰਘ ਰਸੂਲਪੁਰ ਅਨੁਸਾਰ ਪੀੜਤ ਮਾਤਾ ਸੁਰਿੰਦਰ ਕੌਰ ਤੇ ਕੁਲਵੰਤ ਕੌਰ ਨੂੰ ਰਸੂਲਪੁਰ ਤੋਂ ਚੁੱਕਿਆ ਸੀ ਤੇ ਪੀੜਤਾ ਮਨਪ੍ਰੀਤ ਕੌਰ ਤੇ ਦਰਸ਼ਨ ਸਿੰਘ ਨੂੰ ਨਬਾਲਗ ਬੱਚਿਆਂ ਸਮੇਤ ਮੁਹੱਲਾ ਸੂਜਾਪੁਰੀਆ ਤੋਂ ਚੁੱਕਿਆ ਸੀ।ਰਸੂਲਪੁਰ ਅਨੁਸਾਰ ਪੀੜਤਾਂ ਨੂੰ ਨਜਾਇਜ਼ ਹਿਰਾਸਤ ਵਿੱਚ ਰੱਖ ਕੇ ਤਸੀਹੇ ਦਿੱਤੇ ਸਨ।ਧਰਨੇ ਵਿੱਚ ਕਿਰਤੀ ਲੋਕਾਂ ਦੇ ਕਵੀ ਸੰਤ ਰਾਮ ਉਦਾਸੀ ਨੂੰ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ।ਇਸ ਸਮੇਂ ਬਲਵਿੰਦਰ ਸਿੰਘ ਕਾਉਂਕੇ, ਕੁਲਵੰਤ ਕੌਰ ਭੰਮੀਪੁਰਾ, ਜਸਮੇਲ ਕੌਰ, ਮਨਜੀਤ ਕੌਰ ਦੌਧਰ, ਅਮਰਜੀਤ ਕੌਰ, ਕਮਲਜੀਤ ਕੌਰ, ਹਰਜੀਤ ਕੌਰ, ਬਲਦੇਵ ਕੌਰ ਕਲਸੀ, ਭੋਲੀ ਚੀਮਨਾ ਆਦਿ ਹਾਜ਼ਰ ਸਨ।

# ਪੰਜਾਬੀ ਸਾਹਿਤ ਸਭਾ ਦੀ ਮਾਸਿਕ ਇਕੱਤਰਤਾ



ਮੀਟਿੰਗ ਵਿੱਚ ਪੰਜਾਬੀ ਸਹਿਤ ਸਭਾ ਦੇ ਹਾਜ਼ਰ ਸਾਥੀ।

**ਜ਼ੀਰਾ (ਨਰਿੰਦਰ ਅਨੇਜਾ)**-ਪੰਜਾਬੀ ਸਾਹਿਤ ਸਭਾ ਜ਼ੀਰਾ ਦੀ ਮਾਸਿਕ ਇਕੱਤਰਤਾ ਸ੍ਰੀ ਜੀਵਨ ਮੱਲ ਸੀਨੀਅਰ ਸੈਕੰਡਰੀ ਮਾਡਲ ਹਾਈ ਸਕੂਲ (ਲੜਕੇ) ਨੇੜੇ ਬੱਸ ਸਟੈਂਡ ਜ਼ੀਰਾ ਵਿਖੇ ਸ੍ਰੀ ਗੁਰਦੀਪ ਖਿੰਡਾ ਦੀ ਪ੍ਰਧਾਨਗੀ ਹੇਠ ਹੋਈ। ਸਭ ਤੋਂ ਪਹਿਲਾਂ ਜ਼ੀਰਾ ਦੇ ਸਾਹਿਤਕਾਰ ਰਣਜੀਤ ਸਿੰਘ ਔਲਖ ਦੀ ਮੌਤ 'ਤੇ ਦੋ ਮਿੰਟ ਦਾ ਮੌਨ ਰੱਖਿਆ ਗਿਆ। ਰਚਨਾਵਾਂ ਦੇ ਦੌਰ ਵਿੱਚ ਸਭ ਤੋਂ ਪਹਿਲਾਂ ਲਖਬੀਰ ਸਿੰਘ ਨੇ ਆਪਣੀ ਕਵਿਤਾ "ਵਿਸਾਖੀ" ਸੁਣਾਈ। ਕੁਲਵੰਤ ਜ਼ੀਰਾ ਨੇ ਗ਼ਜ਼ਲ "ਫਿਕਰਾਂ ਵਿੱਚ ਨਾ ਐਵੇਂ ਵਕਤ ਬਰਬਾਦ ਕਰੀ" ਸੁਣਾਈ। ਦੀਪ ਜ਼ੀਰਵੀ ਨੇ ਕਾਵਿ ਲਿਖਤ "ਧਰ ਲਾਂਬਿਆਂ ਦੀ ਪੰਡ ਇੱਕ ਪਾਸੇ" ਸਣਾਈ। ਰਾਜ ਅਰੋੜਾ ਨੇ ਕਾਵਿ ਲਿਖਤ "ਨਸ਼ਾ ਹੈ, ਦੇਰ ਤੋਂ ਕਰਦਾ" ਸੁਣਾਈ। ਵੀਰਪਾਲ ਕੌਰ ਸੇਖਵਾਂ ਨੇ ਕਾਵਿ ਲਿਖਤ "ਇਕੱਲਿਆ ਵੀ ਤਾਂ ਰਹਿਣਾ ਚਾਹੀਦਾ" ਸੁਣਾਈ। ਇਸ ਤੋਂ ਇਲਾਵਾ ਵੰਸ਼ਿਕਾ ਚੌਹਾਨ, ਹਰੀ ਦਾਸ ਚੌਹਾਨ, ਵਿਵੇਕ ਕੋਟ ਈਸੇ ਖਾਂ, ਤਾਰਾ ਸਿੰਘ ਜ਼ੀਰਾ, ਰਾਜਿੰਦਰ ਸਿੰਘ, ਹਰਜੀਤ ਸਿੰਘ ਗਿੱਲ, ਜੀਵਨ ਸਿੰਘ ਹਾਨੀ, ਲਵਲੀ ਢੱਲ ਜ਼ੀਰਾ, ਸ਼ੁਭਮ ਚੌਹਾਨ, ਮਾਸਟਰ ਸ਼ਮਸ਼ੇਰ ਸਿੰਘ ਕੋਟ ਈਸੇ ਖਾਂ, ਗੁਰਦੀਪ ਖਿੰਡਾ ਧਰਮਕੋਟ, ਵਰਿੰਦਰ ਜ਼ੀਰਾ ਤੇ ਬਲਕਾਰ ਜ਼ੀਰਾ ਨੇ ਵੀ ਹਾਜ਼ਰੀ ਲਵਾਈ। ਉਪਰੰਤ ਤਾਰਾ ਸਿੰਘ ਜ਼ੀਰਾ ਨੇ ਬੇਟੀ ਵੰਸ਼ਿਕਾ ਚੌਹਾਨ ਦਾ ਸਨਮਾਨ ਕੀਤਾ। ਸਟੇਜ ਸੈਕਟਰੀ ਦੀ ਜ਼ਿੰਮੇਵਾਰੀ ਵਰਿੰਦਰ ਜ਼ੀਰਾ ਨੇ ਨਿਭਾਈ। ਹਰ ਰਚਨਾ 'ਤੇ ਉਸਾਰੂ ਚਰਚਾ ਹੋਈ। ਅੰਤ ਵਿੱਚ ਵਰਿੰਦਰ ਜ਼ੀਰਾ ਨੇ ਅਗਲੇ ਮਹੀਨੇ ਮੁੜ ਮਿਲਣ ਦੀ ਆਸ ਨਾਲ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।

# ਸਾਹਿਤ ਸਭਾ ਸਾਂਝੀ ਸੱਥ ਵੱਲੋਂ ਗੀਤਕਾਰ ਭੱਟੀ ਭੜੀ ਵਾਲਾ ਨਾਲ ਰੂਬਰੂ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਸਾਹਿਤ ਸਭਾ ਸਾਂਝੀ ਸੱਥ ਦੀ ਮਹੀਨਾਵਾਰ ਮੀਟਿੰਗ ਏ ਐੱਸ ਸੀਨੀਅਰ ਸਕੂਲ ਖੰਨਾ ਵਿਖੇ ਸਭਾ ਦੇ ਸਰਪ੍ਰਸਤ ਅਵਤਾਰ ਸਿੰਘ ਉਟਾਲਾਂ ਤੇ ਸਭਾ ਦੇ ਪ੍ਰਧਾਨ ਐਡਵੋਕੇਟ ਹਰਦੀਪ ਸਿੰਘ ਭੱਟੀ ਦੀ ਅਗਵਾਈ ਵਿੱਚ ਹੋਈ।

ਮੀਟਿੰਗ ਦੀ ਸ਼ੁਰੂਆਤ ਵਿੱਚ ਗੁਰਬਾਣੀ ਦਾ ਸ਼ਬਦ ਲੱਖ ਖੁਸ਼ੀਆਂ ਪਾਤਸਾਹੀਆਂ ਜੇ ਸਤਿਗੁਰ ਨਦਰਿ ਕਰੇ! ਦੀ ਵਿਆਖਿਆ ਕਰਕੇ ਕੀਤੀ ਗਈ। ਸ਼ੋਕ ਮਤੇ ਵਿੱਚ ਡਾਕਟਰ ਮੋਹਨਜੀਤ ਦੀ ਬੇਵਕਤੀ ਮੌਤ 'ਤੇ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਅੱਜ ਮੀਟਿੰਗ ਵਿੱਚ ਪ੍ਰਸਿੱਧ ਗੀਤਕਾਰ ਤੇ ਸਾਹਿਤਕਾਰ ਜਸਵਿੰਦਰ ਸਿੰਘ ਭੱਟੀ (ਭੱਟੀ ਭੜੀ ਵਾਲਾ) ਨੂੰ ਮੀਟਿੰਗ ਵਿੱਚ ਆਏ ਸਾਹਿਤਕਾਰਾਂ ਦੇ ਰੂਬਰੂ ਕੀਤਾ ਗਿਆ। ਰਚਨਾਵਾਂ ਦੇ ਦੌਰ ਵਿੱਚ ਭਗਤ ਸਿੰਘ ਗਰੇਵਾਲ, ਨਰੇਸ਼ ਨਿਮਾਣਾ, ਕਿਰਨਦੀਪ ਸਿੰਘ ਕੁਲਾਰ, ਸਭਾ ਪ੍ਰਧਾਨ ਦੇ ਐਡਵੋਕੇਟ ਹਰਦੀਪ ਸਿੰਘ ਭੱਟੀ, ਪ੍ਰਗਟ ਸਿੰਘ ਭੁਮੱਦੀ, ਬਿੰਦੀ ਕਲਾਲ ਮਾਜਰਾ, ਲੋਕ ਗਾਇਕ ਕੇਸਰ ਮਾਣਕੀ, ਸੌਂਕੀ ਭੁਮੱਦੀ, ਸਭਾ ਦੇ ਸਰਪ੍ਰਸਤ ਅਵਤਾਰ ਸਿੰਘ ਉਟਾਲਾ, ਸਮੀ ਖਾਨ ਭੁਮੱਦੀ, ਸਭਾ ਦੇ ਜਨਰਲ ਸਕੱਤਰ ਗੁਰੀ ਤੁਰਮਰੀ, ਸੁਖਵਿੰਦਰ ਸਿੰਘ ਭਾਦਲਾ, ਰਜਤ ਰੌਣੀਵਾਲ ਕਵਿਤਾ, ਗੀਤਕਾਰ ਛਿੰਦਾ ਕੂਹਲੀ ਵਾਲਾ, ਗੀਤਕਾਰ ਹੈਪੀ ਖੰਨੇ ਵਾਲਾ, ਗਾਇਕ ਸੋਹਣ ਸੁਰੀਲਾ ਨੇ ਹਾਜ਼ਰੀ ਲਗਵਾਈ। ਉਪਰੰਤ ਸਾਹਿਤਕਾਰ ਤੇ ਗੀਤਕਾਰ ਭੱਟੀ ਭੜੀ ਵਾਲੇ ਨਾਲ ਰੂਬਰੂ ਕਰਵਾਇਆ। ਇਸ ਸਮੇਂ ਭੱਟੀ ਭੜੀ ਵਾਲੇ ਵੱਲੋਂ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਪਾਈਆਂ ਦੋ ਸਾਹਿਤਕ ਕਿਤਾਬਾਂ ਪਿੰਡ ਦੀਆਂ ਗਲੀਆਂ ਤੇ ਮੇਰਾ ਪੰਜਾਬ ਬਾਰੇ ਚਰਚਾ ਕੀਤੀ ਗਈ।

ਭੱਟੀ ਭੜੀ ਵਾਲੇ ਨੇ ਆਪਣੇ ਗੀਤਕਾਰੀ ਦੇ ਸਫਰ ਦੀਆਂ ਮਿੱਠੀਆਂ ਕੌੜੀਆਂ ਯਾਦਾਂ ਸਾਂਝੀਆਂ ਕੀਤੀਆਂ। ਉਨ੍ਹਾ ਦੱਸਿਆ ਕਿ ਹੁਣ ਤੱਕ ਉਸ ਦੇ ਧਾਰਮਿਕ ਤੇ ਸੱਭਿਆਚਾਰ ਗੀਤ 1000 ਦੇ ਕਰੀਬ ਗੀਤ ਪੰਜਾਬ ਦੇ ਨਾਮਵਾਰ ਗਾਇਕਾਂ ਵੱਲੋਂ ਰਿਕਾਰਡ ਕਰਵਾਏ ਗਏ। ਉਨ੍ਹਾਂ ਵੱਲੋਂ ਪੰਜਾਬੀ ਫਿਲਮਾਂ ਤੇ ਹਿੰਦੀ ਫਿਲਮਾਂ ਦੇ ਗੀਤ ਵੀ ਲਿਖੇ ਗਏ ਹਨ। ਇਸ ਚਰਚਾ ਵਿੱਚ ਰੋਕੀ ਸੇਖੋਂ, ਸੁਰਜੀਤ ਸਿੰਘ ਨੇ ਵੀ ਭਾਗ ਲਿਆ। ਸਭਾ ਦੀ ਕਾਰਵਾਈ ਗੁਰੀ ਤੁਰਮਰੀ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਸਭਾ ਦੇ ਉਪ ਪ੍ਰਧਾਨ ਕਿਰਨਦੀਪ ਸਿੰਘ ਕੁਲਾਰ ਤੇ ਪ੍ਰਧਾਨ ਐਡਵੋਕੇਟ ਹਰਦੀਪ ਸਿੰਘ ਭੱਟੀ ਵੱਲੋਂ ਸਾਂਝੇ ਤੌਰ ਤੇ ਸਹਿਤ ਸਭਾ ਸਾਂਝੀ ਸੱਥ ਦੇ ਮੁੱਖ ਏਜੰਡੇ ਬਾਰੇ ਦੱਸਿਆ। ਸਭਾ ਦੀ ਅਗਲੀ ਮੀਟਿੰਗ ਮਈ ਮਹੀਨੇ ਦੇ ਤੀਜੇ ਐਤਵਾਰ ਪਿੰਡ ਮਹਿੰਦੀਪੁਰ ਵਿਖੇ ਕੀਤੀ ਜਾਵੇਗੀ। ਸਾਹਿਤਕ ਮਿਲਣੀ ਵਿੱਚ ਆਏ ਸਾਰੇ ਸਾਹਿਤਕਾਰਾਂ ਦਾ ਸਭਾ ਦੇ ਸਰਪ੍ਰਸਤ ਅਵਤਾਰ ਸਿੰਘ ਉਟਾਲਾ ਵੱਲੋਂ ਧੰਨਵਾਦ ਕੀਤਾ ਗਿਆ।

# ਮਾਨ ਪੰਜਾਬ ਦੇ ਲੋਕਾਂ ਨੂੰ ਦੱਸਣ ਕਿ ਪੰਜਾਬ ਪੁਲਸ ਦੀ ਤਨਖਾਹ ਕਿਉਂ ਨਹੀਂ ਜਾਰੀ ਕੀਤੀ ਜਾ ਰਹੀ : ਬਿੱਟੂ



**ਜਗਰਾਉਂ (ਅਮਿਤ ਖੰਨਾ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੰਜਾਬ ਦੇ ਲੋਕਾਂ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਪੰਜਾਬ ਪੁਲਸ ਦੇ 85000 ਮੁਲਾਜ਼ਮਾਂ ਦੀਆਂ ਤਨਖਾਹਾਂ ਜਾਰੀ ਕਿਉਂ ਨਹੀਂ ਕੀਤੀਆਂ ਜਾ ਰਹੀਆਂ।ਪੰਜਾਬ ਵਿੱਚ ਪੈਸੇ ਦੀ ਕੋਈ ਕਮੀ ਨਾ ਹੋਣ ਦੇ ਮੁੱਖ ਮੰਤਰੀ ਦੇ ਝੂਠੇ ਦਾਅਵਿਆਂ 'ਤੇ ਵਰ੍ਹਦਿਆਂ ਲੁਧਿਆਣਾ ਲੋਕ ਸਭਾ ਤੋਂ ਭਾਜਪਾ ਦੇ ਉਮੀਦਵਾਰ ਰਵਨੀਤ ਬਿੱਟੂ ਨੇ ਕਿਹਾ ਕਿ ਜਿੱਥੇ ਸੂਬੇ ਦੀ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਹੀ ਨਹੀਂ ਹੈ, ਉੱਥੇ ਸੂਬੇ ਦਾ ਕੀ ਹਾਲ ਹੋਵੇਗਾ।ਹੈਰਾਨੀ ਦੀ ਗੱਲ ਹੈ ਕਿ ਉਨ੍ਹਾਂ ਨੂੰ ਮਾਰਚ ਮਹੀਨੇ ਦੀ ਤਨਖਾਹ ਨਹੀਂ ਦਿੱਤੀ ਗਈ, ਹੁਣ ਅਪ੍ਰੈਲ ਖਤਮ ਹੋਣ ਵਾਲਾ ਹੈ।ਸੂਬਾ ਚੋਣਾਂ ਵੱਲ ਵਧ ਰਿਹਾ ਹੈ ਤੇ ਇਸ ਨੂੰ ਅਮਨ-ਅਮਾਨ ਨਾਲ ਨੇਪਰੇ ਚਾੜ੍ਹਨ 'ਚ ਪੁਲਸ ਦੀ ਵੱਡੀ ਭੂਮਿਕਾ ਹੈ, ਪਰ ਜੇਕਰ ਸਰਕਾਰ ਵੱਲੋਂ ਪਿਛਲੇ ਡੇਢ ਮਹੀਨੇ ਤੋਂ ਤਨਖਾਹ ਨਹੀਂ ਦਿੱਤੀ ਜਾਂਦੀ ਤਾਂ ਨਾਕੇ ਜਾਂ ਸੜਕ 'ਤੇ ਖੜੇ ਪੁਲਸ ਮੁਲਾਜ਼ਮ ਕੀ ਕਰਨਗੇ।ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਸਕੂਲ ਦੇ ਦਾਖਲੇ, ਵਰਦੀਆਂ, ਕਿਤਾਬਾਂ ਤੇ ਫ਼ੀਸਾਂ ਵੀ ਇਸ ਸਮੇਂ ਵਿੱਚ ਹੀ ਅਦਾ ਕੀਤੀਆਂ ਜਾਂਦੀਆਂ ਹਨ।ਇਸ ਨੇ ਕ੍ਰਮਚਾਰੀਆਂ ਦੇ ਪਰਵਾਰਕ ਬਜਟ ਨੂੰ ਹਿਲਾ ਦਿੱਤਾ ਹੈ ਤੇ ਉਹ ਆਪਣੀਆਂ ਰੁਟੀਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਤੋਂ ਅਸਮਰੱਥ ਹਨ।

ਬਿੱਟੂ ਨੇ ਮੁੱਖ ਮੰਤਰੀ ਨੂੰ ਸਵਾਲ ਕੀਤਾ ਕਿ ਉਹ ਖੋਖਲੇ ਦਾਅਵੇ ਕਰਨੇ ਬੰਦ ਕਰਨ ਤੇ ਰਾਜ ਨੂੰ ਦੀਵਾਲੀਆ ਹੋਣ ਦਾ ਦਾਅਵਾ ਕਰਨ ਜਾਂ ਦੱਸਣ ਕਿ ਪੁਲਸ ਫੋਰਸ ਦੀ ਤਨਖਾਹ ਜਾਰੀ ਕਰਨ ਵਿੱਚ ਦੇਰੀ ਕਿਉਂ ਹੋ ਰਹੀ ਹੈ।ਜੇਕਰ ਸਰਕਾਰੀ ਖਜ਼ਾਨੇ ਵਿੱਚ ਕੋਈ ਸਮੱਸਿਆ ਹੈ ਤਾਂ ਵੀ ਸਰਕਾਰ ਨੂੰ ਬੈਕਅੱਪ ਯੋਜਨਾ ਦੇ ਨਾਲ ਆਪਣੇ ਆਪ ਨੂੰ ਤਿਆਰ ਕਰਨਾ ਚਾਹੀਦਾ ਸੀ।ਫੋਰਸ ਦਾ ਮਨੋਬਲ ਹੁਣ ਬਹੁਤ ਨੀਵਾਂ ਹੈ, ਪਰ ਅਨੁਸ਼ਾਸਤ ਫੋਰਸ ਦੇ ਕਾਰਨ ਉਹ ਵਿਰੋਧ ਜਾਂ ਹੜਤਾਲ 'ਤੇ ਨਹੀਂ ਜਾ ਸਕਦੇ ਹਨ।ਮੁੱਖ ਮੰਤਰੀ ਨੇ ਤਨਖਾਹ ਵਿੱਚ ਦੇਰੀ ਦੇ ਉਹ ਸਾਰੇ ਰਿਕਾਰਡ ਤੋੜ ਦਿੱਤੇ ਹਨ, ਜੋ ਪਹਿਲਾਂ ਕਦੇ ਨਹੀਂ ਹੋਏ।

# ਕਰਮਜੀਤ ਅਨਮੋਲ ਦੇ ਰੋਡ ਸ਼ੋਅ ਦਾ ਗੁਪਤਾ ਪਰਵਾਰ ਵੱਲੋਂ ਜ਼ੋਰਦਾਰ ਸਵਾਗਤ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਫਰੀਦਕੋਟ ਤੋਂ ਉਮੀਦਵਾਰ ਕਰਮਜੀਤ ਸਿੰਘ ਅਨਮੋਲ ਦੇ ਹੱਕ 'ਚ ਪ੍ਰਸਿੱਧ ਕਲਾਕਾਰ ਬੀਨੂੰ ਢਿੱਲੋਂ ਵੱਲੋਂ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੀ ਅਗਵਾਈ ਵਿੱਚ ਕੱਢੇ ਗਏ ਬਾਘਾ ਪੁਰਾਣਾ ਰੋਡ ਸ਼ੋਅ ਦਾ ਬਾਘਾ ਪੁਰਾਣਾ ਵਿਖੇ ਪੁੱਜਣ 'ਤੇ ਆਪ ਪਾਰਟੀ ਦੇ ਸੀਨੀਅਰ ਆਗੂ ਪਵਨ ਗੁਪਤਾ, ਰਾਮ ਗੁਪਤਾ ਤੇ ਮੁਨੀਸ਼ ਗੁਪਤਾ ਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਜਿੱਥੇ ਵੱਡੀ ਗਿਣਤੀ ਵਿੱਚ ਆਪਣੇ ਸਮਰਥਕਾਂ ਨਾਲ ਇਸ ਰੋਡ ਸ਼ੋਅ ਵਿੱਚ ਸ਼ਮੂਲੀਅਤ ਕੀਤੀ ਗਈ, ਉਥੇ ਹੀ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਇਸ ਰੋਡ ਸ਼ੋਅ 'ਤੇ ਫੁੱਲਾਂ ਦੀ ਵਰਖਾ ਕਰ ਕੇ ਰੋਡ ਸ਼ੋਅ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਪਵਨ ਗੁਪਤਾ, ਰਾਮ ਗੁਪਤਾ ਤੇ ਮੁਨੀਸ਼ ਗੁਪਤਾ ਨੇ ਸਾਂਝੇ ਤੌਰ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੱਤ ਦੀ ਮਹਿੰਗਾਈ ਤੇ ਭਾਜਪਾ ਦੀ ਤਾਨਾਸ਼ਾਹੀ ਤੋਂ ਨਿਜਾਤ ਪਾਉਣ ਲਈ ਲੋਕ ਵੋਟ ਦੇ ਅਧਿਕਾਰ ਨੂੰ ਹਥਿਆਰ ਬਣਾ ਕੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਹੋਰ ਤਕੜਾ ਕਰਨ। ਉਨ੍ਹਾਂ ਕਿਹਾ ਕਿ ਮਹਿੰਗਾਈ ਤੇ ਬੇਰੁਜ਼ਗਾਰੀ ਨੂੰ ਖ਼ਤਮ ਕਰਨ ਦੇ ਵਾਅਦੇ ਨਾਲ ਸੱਤਾ ਵਿੱਚ ਆਈ ਮੋਦੀ ਸਰਕਾਰ ਮਹਿੰਗਾਈ ਤੇ ਬੇਰੁਜ਼ਗਾਰੀ ਨੂੰ ਖ਼ਤਮ ਕਰਨ ਦੀ ਥਾਂ ਬਾਬਾ ਸਾਹਿਬ ਡਾਕਟਰ ਅੰਬੇਡਕਰ ਦੇ ਸੰਵਿਧਾਨ ਨੂੰ ਹੀ ਖ਼ਤਮ ਕਰਨ ਉੱਤੇ ਜੁੱਟ ਗਈ ਹੈ। ਉਨ੍ਹਾਂ ਫਰੀਦਕੋਟ ਵਾਸੀਆਂ ਨੂੰ ਸੁਚੇਤ ਕੀਤਾ ਕਿ ਜੇਕਰ ਗ਼ਲਤੀ ਨਾਲ ਮੋਦੀ ਸਰਕਾਰ ਫਿਰ ਸੱਤਾ ਵਿੱਚ ਆ ਜਾਂਦੀ ਹੈ ਤਾਂ ਦੇਸ਼ ਵਿੱਚੋਂ ਲੋਕਤੰਤਰ ਖ਼ਤਮ ਕਰ ਕੇ ਤਾਨਾਸ਼ਾਹੀ ਰਾਜ ਪੱਕੇ ਤੌਰ ਉੱਤੇ ਸਥਾਪਤ ਕਰ ਦਿੱਤਾ ਜਾਵੇਗਾ। ਇਸ ਲਈ ਇਹ ਚੋਣਾਂ ਸਧਾਰਨ ਚੋਣਾਂ ਨਹੀਂ, ਸਗੋਂ ਸ਼ਹੀਦ ਭਗਤ ਸਿੰਘ ਵਰਗੇ ਯੋਧਿਆਂ ਦੀਆਂ ਸ਼ਹੀਦੀਆਂ ਨਾਲ ਲਿਆਂਦੇ ਲੋਕਤੰਤਰ ਤੇ ਬਾਬਾ ਸਾਹਿਬ ਦੇ ਸੰਵਿਧਾਨ ਨੂੰ ਬਚਾਉਣ ਲਈ ਨਿਰਣਾਇਕ ਜੰਗ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਕਰਮਜੀਤ ਅਨਮੋਲ ਜਿੰਨਾ ਵਧੀਆ ਕਲਾਕਾਰ ਹੈ, ਉਸ ਤੋਂ ਵੀ ਕਿਤੇ ਵਧੀਆ ਇਨਸਾਨ ਹੈ, ਜੋ ਹਰ ਗ਼ਰੀਬ ਤੇ ਦੁਖੀ ਦਰਦੀ ਦੇ ਦਰਦ ਨੂੰ ਸਮਝਦਾ ਹੈ। ਉਨ੍ਹਾਂ ਫਰੀਦਕੋਟ ਲੋਕ ਸਭਾ ਹਲਕੇ ਦੇ ਲੋਕਾਂ ਨੂੰ ਕਰਮਜੀਤ ਨੂੰ ਭਾਰੀ ਬਹੁਮੱਤ ਨਾਲ ਜਿਤਾਉਣ ਦੀ ਅਪੀਲ ਕੀਤੀ। ਇਸ ਮੌਕੇ ਸੋਮ ਨਾਥ ਗਰਗ, ਰਮਨ ਗੁਪਤਾ, ਕਾਂਸਲ ਐੱਸ.ਡੀ.ਓ, ਰਜਿੰਦਰ ਗੋਇਲ ਦੇ ਇਲਾਵਾ ਵੱਡੀ ਗਿਣਤੀ ਵਿੱਚ ਆਪ ਆਗੂ ਹਾਜ਼ਰ ਸਨ।

# ਵਿਰੋਧੀ ਪਾਰਟੀਆਂ ਵੱਲੋਂ ਭਾਜਪਾ ਨੂੰ ਕਿਸਾਨ ਵਿਰੋਧੀ ਪੇਸ਼ ਕੀਤਾ ਜਾ ਰਿਹਾ : ਕੁਲਦੀਪ ਸਿੰਘ



**ਬੁਢਲਾਡਾ (ਅਸ਼ੋਕ ਲਾਕੜਾ)**-ਵਿਰੋਧੀ ਪਾਰਟੀਆਂ ਭਾਰਤੀ ਜਨਤਾ ਪਾਰਟੀ ਖਿਲਾਫ਼ ਕੂੜ ਪ੍ਰਚਾਰ ਕਰਕੇ ਲੋਕ ਸਭਾ ਹਲਕਾ ਬਠਿੰਡਾ ਦੇ ਲੋਕਾਂ ਨੂੰ ਗੁੰਮਰਾਹ ਕਰਨ ਵਿੱਚ ਲੱਗੇ ਹੋਏ ਹਨ। ਇਹ ਸ਼ਬਦ ਲੋਕ ਸਭਾ ਹਲਕਾ ਬਠਿੰਡਾ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਬੀਬੀ ਪਰਮਪਾਲ ਕੌਰ ਮਲੂਕਾ ਸਾਬਕਾ ਆਈ.ਏ.ਐੱਸ.ਦੇ ਪਤੀ ਗੁਰਪ੍ਰੀਤ ਸਿੰਘ ਮਲੂਕਾ ਬੁਢਲਾਡਾ ਵਿਖੇ ਭਾਜਪਾ ਆਗੂ ਅਮਨਦੀਪ ਗੁਰੂ ਦੇ ਘਰ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਅੰਦਰ ਭਾਜਪਾ ਦੇ ਹੱਕ ਵਿੱਚ ਲਹਿਰ ਚੱਲੀ ਹੋਈ ਹੈ।ਲੋਕਾਂ ਵੱਲੋਂ ਭਾਜਪਾ ਨੂੰ ਭਰਵਾਂ ਹੁੰਗਾਰਾ ਮਿਲਣ ਕਾਰਨ ਚੰਗੇ ਸਿਆਸੀ ਲੋਕ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਕੇ ਭਾਜਪਾ ਦੇ ਪਰਿਵਾਰ ਨੂੰ ਲਗਾਤਾਰ ਵੱਡਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਡਾ ਮੁੱਖ ਮਕਸਦ ਲੋਕਾਂ ਦੀ ਸੇਵਾ ਕਰਨਾ ਹੈ।

ਇਸ ਮੌਕੇ ਕਿਸਾਨ ਮੋਰਚੇ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਬੱਪੀਆਣਾ ਨੇ ਕਿਹਾ ਕਿ ਭਾਜਪਾ ਵੱਲੋਂ ਕਿਸਾਨ ਭਲਾਈ ਸਕੀਮਾਂ ਲਿਆ ਕੇ ਕਿਸਾਨੀ ਨੂੰ ਹੋਰ ਮਜਬੂਤ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਭਾਜਪਾ ਉਮੀਦਵਾਰ ਪਰਮਪਾਲ ਕੌਰ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਵੀ ਭਾਜਪਾ ਹਾਈਕਮਾਂਡ ਤੱਕ ਯੋਗ ਨੁਮਾਇੰਦਗੀ ਦੇ ਕੇ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਵੱਲੋਂ ਭਾਜਪਾ ਨੂੰ ਕਿਸਾਨ ਵਿਰੋਧੀ ਪੇਸ਼ ਕੀਤਾ ਜਾ ਰਿਹਾ ਹੈ।ਇਸ ਮੌਕੇ ਦੀਪ ਸਿੰਘ ਚੌਹਾਨ ਗੋਬਿੰਦਪੁਰਾ ਨੂੰ ਭਾਜਪਾ ਵਿੱਚ ਸ਼ਾਮਲ ਕਰਕੇ ਸਵਾਗਤ ਕੀਤਾ ਗਿਆ।

# ਕਲਾਪੀਠ ਵੱਲੋਂ ਪੁਸਤਕ ਲੋਕ ਅਰਪਣ ਤੇ ਅਨਿਲ ਆਦਮ ਯਾਦਗਾਰੀ ਸਮਾਗਮ



**ਫ਼ਿਰੋਜ਼ਪੁਰ/ਮਮਦੋਟ (ਅਸ਼ੋਕ ਸ਼ਰਮਾ/ਜਸਬੀਰ ਸਿੰਘ ਕੰਬੋਜ)**-ਸ਼ਬਦ ਸੱਭਿਆਚਾਰ ਦੇ ਪਸਾਰ ਲਈ ਨਿਰੰਤਰ ਯਤਨਸ਼ੀਲ ਸੰਸਥਾ ਕਲਾਪੀਠ (ਰਜਿ:) ਵੱਲੋਂ ਪੰਜਾਬੀ ਦੇ ਮਰਹੂਮ ਸ਼ਾਇਰ ਅਨਿਲ ਆਦਮ ਦੀ ਯਾਦ ਵਿੱਚ ਇੱਕ ਵਿਸ਼ਾਲ ਸਾਹਿਤਕ ਸਮਾਗਮ ਕਰਵਾਇਆ ਗਿਆ।ਇਸ ਸਮਾਗਮ ਵਿੱਚ ਅਨਿਲ ਆਦਮ ਦੀ ਨਵੀਂ ਛਪੀ ਕਾਵਿ ਕਿਤਾਬ '26 ਸਾਲ ਬਾਅਦ' ਲੋਕ ਅਰਪਿਤ ਕੀਤੀ ਗਈ।ਫ਼ਿਰੋਜ਼ਪੁਰ ਦੀ ਜ਼ਿਲ੍ਹਾ ਲਾਇਬ੍ਰੇਰੀ ਵਿੱਚ ਕਰਵਾਏ ਗਏ ਇਸ ਸਮਾਗਮ ਦੀ ਪ੍ਰਧਾਨਗੀ ਉੱਘੇ ਆਲੋਚਕ ਤੇ ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਪ੍ਰਧਾਨ ਡਾ. ਸੁਖਦੇਵ ਸਿੰਘ ਸਿਰਸਾ ਨੇ ਕੀਤੀ, ਜਦਕਿ ਮੁੱਖ ਮਹਿਮਾਨ ਸਾਹਿਤ ਅਕੈਡਮੀ ਸਨਮਾਨ ਪ੍ਰਾਪਤ ਸ਼ਾਇਰ ਸਵਰਨਜੀਤ ਸਵੀ ਸਨ।ਪ੍ਰਧਾਨਗੀ ਮੰਡਲ ਵਿੱਚ ਪ੍ਰੋ. ਜਸਪਾਲ ਘਈ ਤੇ ਪ੍ਰੋ. ਗੁਰਤੇਜ ਕੋਹਾਰਵਾਲਾ ਅਤੇ ਅਨਿਲ ਆਦਮ ਦੀ ਹਮਸਫ਼ਰ ਅੰਜੁਮ ਸ਼ਰਮਾ ਸ਼ਾਮਲ ਹੋਏ।ਸੰਚਾਲਨ ਕਰਦਿਆਂ ਨੌਜਵਾਨ ਆਲੋਚਕ ਤੇ ਅਨੁਵਾਦਕ ਸੁਖਜਿੰਦਰ ਨੇ ਇਸ ਭਾਵਪੂਰਤ ਸਮਾਗਮ ਦੇ ਆਰੰਭ ਵਿੱਚ ਮਰਹੂਮ ਅਨਿਲ ਆਦਮ ਦੀ ਕਵਿਤਾ ਤੇ ਜ਼ਿੰਦਗੀ ਬਾਰੇ ਜਾਣਕਾਰੀ ਦਿੱਤੀ। ਅੰਜੁਮ ਸ਼ਰਮਾ ਨੇ ਅਨਿਲ ਆਦਮ ਦੇ ਵਿਅਕਤੀਤਵ ਪਰਵਾਰ ਨਾਲ ਸਬੰਧਤ ਅਛੂਤੇ ਪਹਿਲੂਆਂ ਬਾਰੇ ਗੱਲ ਛੇੜੀ।ਮਾਸਟਰ ਓਮ ਪ੍ਰਕਾਸ਼ ਸਰੋਏ ਨੇ ਅਨਿਲ ਨਾਲ ਸਬੰਧਤ ਯਾਦਾਂ ਨੂੰ ਸਰੋਤਿਆਂ ਨਾਲ ਸਾਂਝਾ ਕੀਤਾ। ਪ੍ਰੋ. ਕੁਲਦੀਪ ਨੇ ਅਨਿਲ ਆਦਮ ਬਾਰੇ ਲਿਖੀਆਂ ਕਵਿਤਾਵਾਂ ਦਾ ਪਾਠ ਕਰਕੇ ਆਪਣੀ ਸ਼ਰਧਾਂਜਲੀ ਭੇਟ ਕੀਤੀ, ਜਦਕਿ ਅਨਿਲ ਦੀ ਪ੍ਰੇਰਣਾ ਨਾਲ ਸ਼ਾਇਰੀ ਦੇ ਪਿੜ ਵਿੱਚ ਸ਼ਾਮਲ ਹੋਏ ਯੁਵਰੀਤ ਨੇ ਵੀ ਕਵਿਤਾਵਾਂ ਸੁਣਾਈਆਂ। ਅਨਿਲ ਦੇ ਅਧਿਆਪਕ ਪ੍ਰੋ. ਜਸਪਾਲ ਘਈ ਨੇ ਉਸ ਦੀ ਜ਼ਿੰਦਗੀ ਤੇ ਕਵਿਤਾ ਦੇ ਵੱਖ ਵੱਖ ਪਸਾਰਾਂ 'ਤੇ ਰੌਸ਼ਨੀ ਪਾਈ।ਸ਼ਾਇਰ ਤੇ ਨਾਟਕਕਾਰ ਸ਼ਬਦੀਸ਼ ਨੇ ਅਨਿਲ ਦੀ ਪੁਸਤਕ "26 ਸਾਲ ਬਾਅਦ" ਤੋਂ ਪ੍ਰਭਾਵਿਤ ਹੋ ਕੇ ਲਿਖੀ ਨਜ਼ਮ "ਅਨਿਲ ਆਦਮ ਦੀ ਕਵਿਤਾ ਪੜ੍ਹਦਿਆਂ" ਪੇਸ਼ ਕੀਤੀ।ਇਸ ਤੋਂ ਬਾਅਦ ਹਰਮੀਤ ਵਿਦਿਆਰਥੀ ਨੇ ਅਨਿਲ ਆਦਮ ਦੇ ਤੁਰ ਜਾਣ ਤੋਂ ਬਾਅਦ ਛਪੀ ਕਿਤਾਬ "26 ਸਾਲ ਬਾਅਦ" ਦੀ ਸਿਰਜਣਾ, ਸੰਪਾਦਨਾ ਤੇ ਛਪਣ ਦੀ ਪ੍ਰਕਿਰਿਆ ਦੀ ਬਾਤ ਪਾਈ।ਇਸ ਪੁਸਤਕ ਬਾਰੇ ਨੌਜਵਾਨ ਚਿੰਤਕ ਮਨਜੀਤ ਪੁਰੀ ਨੇ ਆਪਣਾ ਪੇਪਰ "ਮੁਹੱਬਤੀ ਸੰਵੇਦਨਾ ਦਾ ਕਾਵਿ" 26 ਸਾਲ ਬਾਅਦ ਪੜ੍ਹਦਿਆਂ ਕਿਹਾ ਕਿ ਅਨਿਲ ਦੀ ਇਹ ਕਿਤਾਬ ਕਈ ਟੁਕੜਿਆਂ ਵਿੱਚ ਲਿਖੀ ਇੱਕੋ ਲੰਬੀ ਕਵਿਤਾ ਹੈ, ਜਿਸ ਰਾਹੀਂ ਅਨਿਲ ਕਵਿਤਾ ਦੇ ਅਸਲੋਂ ਨਵੇਂ ਮੁਹਾਂਦਰੇ ਰਾਹੀਂ ਪਾਠਕਾਂ ਸਨਮੁੱਖ ਹੁੰਦਾ ਹੈ। ਨਾਮਵਰ ਵਿਦਵਾਨ ਹਰਵਿੰਦਰ ਭੰਡਾਲ ਨੇ "26 ਸਾਲ ਬਾਅਦ" ਦਾ ਵਿਸ਼ਲੇਸ਼ਣ ਕਰਦਿਆਂ ਕਿਹਾ ਕਿ ਇਹ ਕਵਿਤਾ ਮੁਹੱਬਤ ਦੇ ਰਾਹ ਦਾ ਰੋੜਾ ਬਣਦੀਆਂ ਸਮਾਜਿਕ ਵਰਜਨਾਵਾਂ ਨੂੰ ਮੁਖ਼ਾਤਿਬ ਹੁੰਦੀ ਹੈ ਤੇ ਇਸ ਕਵਿਤਾ ਵਿੱਚ ਪੇਸ਼ ਮੁਹੱਬਤ ਦਾ ਤਾਅਲੁੱਕ ਕਵੀ ਦੀ ਵਿਅਕਤੀਗਤ ਮੁਹੱਬਤ ਨਹੀਂ ਹੈ, ਸਗੋਂ ਇਹ ਸਮੁੱਚੇ ਸਮਾਜਿਕ ਤਾਣੇ ਬਾਣੇ ਦੀਆਂ ਦੀਵਾਰਾਂ ਨੂੰ ਚੁਣੌਤੀ ਦੇ ਰਹੀ ਹੈ।ਸਾਹਿਤ ਅਕੈਡਮੀ ਪੁਰਸਕਾਰ ਨਾਲ ਸਨਮਾਨਤ ਕਵੀ ਸਵਰਨਜੀਤ ਸਵੀ ਨੇ ਅਨਿਲ ਦੀ ਕਵਿਤਾ ਵਿਚਲੀ ਤਰਲਤਾ ਦੀ ਬਾਤ ਛੋਹੀ।ਕਰੀਬ ਸਾਢੇ ਤਿੰਨ ਘੰਟੇ ਚੱਲੇ ਇਸ ਸਮਾਗਮ 'ਚ ਤਾਸਮਨ ਦੇ ਸੰਪਾਦਕ ਹਰਮਨਦੀਪ ਸਿੰਘ ਆਸਟ੍ਰੇਲੀਆ, ਬਲਰਾਜ ਧਾਲੀਵਾਲ ਕੈਨੇਡਾ, ਰਾਜੀਵ ਖ਼ਿਆਲ, ਸੰਦੀਪ ਚੌਧਰੀ, ਸੁਰਿੰਦਰ ਕੰਬੋਜ, ਲਾਲ ਸਿੰਘ ਸੁਲਹਾਣੀ, ਸਰਬਜੀਤ ਸਿੰਘ ਭਾਵੜਾ, ਸੁਖਦੇਵ ਸਿੰਘ ਭੱਟੀ, ਰਿਸ਼ੀ ਹਿਰਦੇਪਾਲ, ਸੁਖਦੇਵ ਮਠਾੜੂ, ਗੌਰਵ ਸਾਗਰ ਭਾਸਕਰ, ਮਨਜੀਤ ਸੂਖ਼ਮ, ਡਾ. ਅਜ਼ਾਦਵਿੰਦਰ, ਕਮਲ ਸ਼ਰਮਾ, ਡਾ. ਸਤਿੰਦਰ ਸਿੰਘ, ਡਾ. ਗੁਰਪ੍ਰੀਤ ਕੌਰ, ਉੱਘੇ ਗਾਇਕ ਕਮਲ ਦ੍ਰਾਵਿੜ, ਰਣਦੀਪ ਕੌਰ, ਮਹਿੰਦਰ ਸ਼ੈਲੀ, ਜਬਰ ਮਾਹਲਾ, ਗਾਇਕ ਗਿੱਲ ਗੁਲਾਮੀ ਵਾਲਾ, ਰਾਕੇਸ਼ ਪਾਲ, ਅਵਤਾਰ ਸਿੰਘ ਪੁਰੀ, ਭੁਪਿੰਦਰ ਜੈਤੋ, ਪ੍ਰੀਤ ਜੱਗੀ, ਸੁਖਵਿੰਦਰ ਭੁੱਲਰ, ਦਲੀਪ ਸਿੰਘ ਸੈਣੀ ਸਮੇਤ ਬਹੁਤ ਸਾਰੇ ਸਾਹਿਤ ਪ੍ਰੇਮੀਆਂ ਨੇ ਹਿੱਸਾ ਲਿਆ।ਕਲਾਪੀਠ ਫ਼ਿਰੋਜ਼ਪੁਰ ਵੱਲੋਂ ਆਏ ਹੋਏ ਵਿਦਵਾਨ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ।ਹਰਮੀਤ ਵਿਦਿਆਰਥੀ ਨੇ ਆਏ ਹੋਏ ਮਹਿਮਾਨਾਂ ਦਾ ਸ਼ੁਕਰੀਆ ਅਦਾ ਕਰਦਿਆਂ ਕਲਾਪੀਠ ਦੀਆਂ ਭਵਿੱਖੀ ਯੋਜਨਾਵਾਂ ਦੀ ਜਾਣਕਾਰੀ ਦਿੱਤੀ।

# ਓ ਐੱਸ ਡੀ ਉਂਕਾਰ ਸਿੱਧੂ ਨੇ ਮੀਤ ਹੇਅਰ ਦੇ ਹੱਕ 'ਚ ਕੀਤਾ ਚੋਣ ਪ੍ਰਚਾਰ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ. ਪ੍ਰੋਫ਼ੈਸਰ ਉਂਕਾਰ ਸਿੰਘ ਸਿੱਧੂ ਨੇ ਵਪਾਰ ਮੰਡਲ ਧੂਰੀ ਦੇ ਪ੍ਰਧਾਨ ਵਿਕਾਸ ਜੈਨ ਤੇ ਨਗਰ ਕੌਂਸਲ ਧੂਰੀ ਦੇ ਸਾਬਕਾ ਪ੍ਰਧਾਨ ਸੰਦੀਪ ਤਾਇਲ ਦੀ ਅਗਵਾਈ ਹੇਠ ਰੇਲਵੇ ਰੋਡ ਵਿਖੇ ਸਿਟੀ ਵਪਾਰ ਮੰਡਲ ਦੇ ਕਾਰਕੁੰਨਾਂ ਨਾਲ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ 2024 ਦੀਆਂ ਲੋਕ ਸਭਾਂ ਚੋਣਾਂ ਸਿਰਫ਼ ਸਰਕਾਰ ਬਣਾਉਣ ਲਈ ਨਹੀਂ ਸਗੋਂ, ਦੇਸ਼ ਦੇ ਸੰਵਿਧਾਨ ਤੇ ਲੋਕਤੰਤਰ ਨੂੰ ਬਚਾਉਣ ਦਾ ਪ੍ਰਣ ਲੈਣ ਵਾਲੀਆਂ ਹਨ।ਉਨ੍ਹਾਂ ਕਿਹਾ ਕਿ ਭਾਜਪਾ ਦੇਸ਼ ਦੇ ਲੋਕਤੰਤਰ ਨੂੰ ਤਬਾਹ ਕਰ ਰਹੀ ਹੈ।ਵਿਰੋਧੀ ਧਿਰ ਦੇ ਆਗੂਆਂ ਨੂੰ ਚੋਣ ਪ੍ਰਚਾਰ ਤੋਂ ਰੋਕਣ ਲਈ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ, ਜਿਸ ਤਹਿਤ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤਾਂ ਜੁ ਉਹ ਪ੍ਰਚਾਰ ਨਾ ਕਰ ਸਕਣ।ਉਨ੍ਹਾਂ ਕਿਹਾ ਕਿ ਉਹ ਸਮਝਦੇ ਹਨ ਕਿ ਅਰਵਿੰਦ ਕੇਜਰੀਵਾਲ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿੱਚ ਡੱਕ ਕੇ ਉਹ ਉਨ੍ਹਾਂ ਨੂੰ ਦਬਾ ਕੇ ਪਾਰਟੀ ਨੂੰ ਖ਼ਤਮ ਕਰ ਦੇਣਗੇ, ਪਰ ਉਹ ਗ਼ਲਤਫ਼ਹਿਮੀ ਵਿੱਚ ਹਨ।ਅਰਵਿੰਦ ਕੇਜਰੀਵਾਲ ਸਿਰਫ਼ ਇੱਕ ਵਿਅਕਤੀ ਹੀ ਨਹੀਂ, ਇੱਕ ਵਿਚਾਰ ਹਨ।ਭਾਜਪਾ ਉਨ੍ਹਾਂ ਦੇ ਸਰੀਰ ਨੂੰ ਗ੍ਰਿਫ਼ਤਾਰ ਕਰ ਸਕਦੀ ਹੈ, ਪਰ ਉਨ੍ਹਾਂ ਦੀ ਸੋਚ ਨੂੰ ਕਿਵੇਂ ਗ੍ਰਿਫ਼ਤਾਰ ਕਰੇਗੀ? ਉਨ੍ਹਾਂ ਕਿਹਾ ਕਿ ਧੂਰੀ ਵਿੱਚ ਚੱਲ ਰਹੇ ਵਿਕਾਸ ਕਾਰਜ ਅਜੇ ਤਾਂ ਸਿਰਫ਼ ਸ਼ੁਰੂਆਤ ਕਾਰਜ ਹਨ, ਧੂਰੀ ਵਿੱਚ ਰਿਕਾਰਡਤੋੜ ਤੇ ਵਿਕਾਸ ਕਾਰਜ ਕਰਾਏ ਜਾ ਰਹੇ ਹਨ ਅਤੇ ਧੂਰੀ ਵਿੱਚ ਹੋ ਰਹੇ ਵਿਕਾਸ ਕਾਰਜਾਂ ਸਦਕਾ ਧੂਰੀ ਪੰਜਾਬ ਹੀ ਨਹੀ, ਸਗੋਂ ਦੇਸ਼ ਦੀ ਸਿਆਸਤ ਦਾ ਧੁਰਾ ਬਣੇਗਾ।ਉਨ੍ਹਾਂ ਭਾਜਪਾ ਨੂੰ ਜੁਮਲੇ ਵਾਜਿਆਂ ਦੀ ਪਾਰਟੀ ਕਰਾਰ ਦਿੱਤਾ।ਉਨ੍ਹਾਂ ਕਿਹਾ ਕਿ ਹੁਣ ਭਾਰਤੀ ਜਨਤਾ ਪਾਰਟੀ , ਭਾਰਤੀ ਜੁਮਲਾ ਪਾਰਟੀ ਬਣ ਗਈ ਹੈ।ਉਨ੍ਹਾਂ ਨੇ ਕਿਹਾ ਕਿ ਭਾਜਪਾ ਨੇ ਪਿਛਲੇ 10 ਸਾਲਾਂ ਵਿੱਚ ਸੰਸਦ ਅਤੇ ਵਿਧਾਇਕਾਂ ਦੀ ਖ਼ਰੀਦ ਫ਼ਰੋਖ਼ਤ ਕਰਨ ਤੋਂ ਇਲਾਵਾ ਕੁੱਝ ਨਹੀਂ ਕੀਤਾ । ਭਾਜਪਾ ਨੇ ਦੇਸ਼ ਦੇ ਲੋਕਾਂ ਨੂੰ ਸਿਰਫ਼ ਜੁਮਲੇ ਹੀ ਦਿੱਤੇ ਹਨ ਅਤੇ ਝੂਠ ਬੋਲਿਆ ਹੈ ।

23-APR-PAGE-8.qxd 4/22/2024 10:41 PM Page 1



# ਢੱਕ ਪੰਡੋਰੀ ਵਿਖੇ ਡਾ. ਅੰਬੇਡਕਰ ਦਾ ਜਨਮ ਦਿਨ ਮਨਾਇਆ



**ਬੰਗਾ (ਅਵਤਾਰ ਕਲੇਰ)** ਡਾ ਬੀ ਆਰ ਅੰਬੇਡਕਰ ਵੈਲਫ਼ੇਅਰ ਐਂਡ ਡਿਵੈਲਪਮੈਂਟ ਕਲੱਬ ਰਜਿ ਢੱਕ ਪੰਡੋਰੀ, ਗ੍ਰਾਮ ਪੰਚਾਇਤ ਅਤੇ ਐਨ ਆਰ ਆਈਜ਼ ਵੀਰਾਂ ਦੇ ਸਹਿਯੋਗ ਨਾਲ ਭਾਰਤੀ ਸਵਿਧਾਨ ਦੇ ਨਿਰਮਾਤਾ, ਭਾਰਤ ਰਤਨ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦਾ 133ਵਾਂ ਜਨਮ ਦਿਹਾੜਾ ਮਨਾਇਆ ਗਿਆ।ਪ੍ਰੋਗਰਾਮ ਦਾ ਉਦਘਾਟਨ ਸਰਪੰਚ ਸੁਰਜੀਤ ਕੌਰ ਨੇ ਰੀਬਨ ਕੱਟ ਕੇ ਆਪਣੇ ਕਰ ਕਮਲਾ ਨਾਲ ਕੀਤਾ। ਮੁੱਖ ਮਹਿਮਾਨ ਸਮਾਜ ਸੇਵਕਾ ਮੈਡਮ ਅਨੀਤਾ ਸੋਮ ਪ੍ਰਕਾਸ਼ ਅਤੇ ਵਿਸ਼ੇਸ਼ ਮਹਿਮਾਨ ਵਜੋਂ ਅੱਖਾਂ ਦੇ ਮਾਹਿਰ ਡਾਕਟਰ ਐਸ ਰਾਜਨ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੁੱਖ ਬੁਲਾਰੇ ਜਰਨੈਲ ਨੰਗਲ ਸੂਬਾ ਜਰਨਲ ਸਕੱਤਰ ਆਮ ਆਦਮੀ ਪਾਰਟੀ (ਐਸੀ ਵਿੰਗ), ਹਰਭਜਨ ਸੁਮਨ ਪ੍ਰਧਾਨ ਅੰਬੇਡਕਰ ਸੈਨਾ ਪੰਜਾਬ (ਮੂਲ ਨਿਵਾਸੀ) ਅਮਨਦੀਪ ਸਿੱਧੂ , ਡਾ ਸਤੀਸ਼ ਸੁਮਨ ਆਦਿ ਨੇ ਸੰਬੋਧਨ ਕਰਦਿਆਂ ਡਾ ਅੰਬੇਡਕਰ ਜੀ ਦੇ ਜੀਵਨ ਉਹਨਾਂ ਵਲੋਂ ਕੀਤੇ ਗਏ ਸੰਘਰਸ਼ ਨੂੰ ਯਾਦ ਕੀਤਾ। ਵੱਖ ਵੱਖ ਬੁਲਾਰਿਆਂ ਨੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਈ ਕਰਨ ਲਈ ਪ੍ਰੇਰਿਆ। ਪਰਵਾਜ ਰੰਗਮੰਚ ਨਾਟਕ ਟੀਮ ਵੱਲੋਂ ਬਾਬਾ ਸਾਹਿਬ ਜੀ ਦੇ ਜੀਵਨ ਤੇ ਨਾਟਕ ਅਤੇ ਕੋਰੀਓਗਰਾਫੀਆਂ ਪੇਸ਼ ਕੀਤੀਆਂ। ਪ੍ਰੋਗਰਾਮ ਕਰਨ ਲਈ ਐਨ ਆਰ ਆਈਜ਼ ਵੀਰ ਅਸ਼ਵਨੀ ਪੰਡੋਰੀ , ਪਰਸਰਾਮ ਦਦਰਾ, ਮਾਸਟਰ ਪਰਮਜੀਤ ,ਪਰਮਿੰਦਰ ਬਿੱਲਾ, ਪਰਮਜੀਤ ਪੰਮਾ, ਗੁਰਪ੍ਰੀਤ ਗੋਪੀ, ਵਿਜੈ ਕੁਮਾਰ ਕਨੇਡਾ,ਰਾਜ ਕੁਮਾਰ, ਜੁਗੇਸ਼ ਦਾਦਰ, ਰਵੀ ਕੁਮਾਰ, ਜਸਪਾਲ ਜੱਸਾ, ਮੈਡਮ ਕੋਮਲ ਦਾਦਰ ਕੇਨੇਡਾ ਦਾ ਵਿਸ਼ੇਸ਼ ਯੋਗਦਾਨ ਰਿਹਾ। ਮੈਡਮ ਨਰਿੰਦਰ ਕੌਰ (ਵਾਈਸ ਪ੍ਰਧਾਨ) ਦੀ ਮਨਰੇਗਾ ਟੀਮ ਵੱਲੋਂ ਵੀ ਪ੍ਰੋਗਰਾਮ ਕਰਵਾਉਣ ਲਈ ਪੂਰਾ ਸਾਥ ਦਿੱਤਾ ਗਿਆ। ਪ੍ਰੋਗਰਾਮ ਦੇ ਆਖਰ ਵਿਚ ਕਲੱਬ ਦੇ ਚੇਅਰਮੈਨ ਵਿਜੇ ਪੰਡੋਰੀ ਵਲੋਂ ਐਨ ਆਰ ਆਈਜ਼ ਵੀਰਾਂ, ਸਮੂਹ ਨਗਰ ਨਿਵਾਸੀਆਂ ਅਤੇ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।ਇਸ ਮੌਕੇ ਕਲੱਬ ਮੈਂਬਰ ਪ੍ਰਧਾਨ ਰਾਮ ਮੂਰਤੀ ਲਾਲੀ, ਵਾਇਸ ਪ੍ਰਧਾਨ ਸ੍ਰੀ ਮਤੀ ਨਰਿੰਦਰ ਕੌਰ, ਚੇਅਰਮੈਨ ਵਿਜੈ ਪੰਡੋਰੀ, ਕੈਸ਼ੀਅਰ ਅਮਨਦੀਪ ਕੁਮਾਰ, ਜਰਨਲ ਸਕੱਤਰ ਵਿਜੈ ਕੁਮਾਰ ਦਾਦਰ, ਸਰਬਜੀਤ ਸਾਬੀ, ਦਲਵੀਰ ਗੱਗੀ, ਸਨੀ ਕੁਮਾਰ, ਅਜੇ ਕੁਮਾਰ, ਮਨਜੀਤ ਕੌਰ, ਪਰਮਜੀਤ ਕੌਰ, ਸੁਖਵਿੰਦਰ ਕੌਰ ਸੁਰਜੀਤ ਕੌਰ, ਮਨਦੀਪ ਕੌਰ ਆਦਿ ਹਾਜ਼ਰ ਸਨ।

## ਅਜਨੋਹਾ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮਾਰਚ 2024 ਦਸਵੀਂ ਜਮਾਤ ਦਾ ਨਤੀਜਾ ਐਲਾਨਿਆ ਗਿਆ। ਇਸ ਨਤੀਜੇ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜਨੋਹਾ ਦਾ ਨਤੀਜਾ ਸ਼ਾਨਦਾਰ ਰਿਹਾ। ਸਕੂਲ ਮੁਖੀ ਹਰਮਨੋਜ ਕੁਮਾਰ ਵੱਲੋਂ ਸਕੂਲ ਦਾ ਨਤੀਜਾ 100 ਫੀਸਦੀ ਆਉਣ 'ਤੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਮੈਂਬਰਾਂ ਨੂੰ ਇਸ ਦੀ ਵਧਾਈ ਦਿੱਤੀ।ਸਕੂਲ ਮੁਖੀ ਨੇ ਇਸ ਵਧੀਆ ਨਤੀਜੇ ਦਾ ਸਿਹਰਾ ਸਕੂਲ ਸਟਾਫ ਦੇ ਸਿਰ ਬੰਨਿਆ। ਖੁਸ਼ਪ੍ਰੀਤ ਕੌਰ ਨੇ 650 ਅੰਕਾਂ ਵਿੱਚੋਂ 550 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਅਮਨਦੀਪ ਕੌਰ ਨੇ 525 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਰੀਆ ਚੋਪੜਾ ਅਤੇ ਹਰਸ਼ਦੀਪ ਸਿੰਘ ਨੇ 524 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਬਾਕੀ ਸਾਰੇ ਵਿਦਿਆਰਥੀ ਵੀ ਚੰਗੇ ਅੰਕ ਲੈ ਕੇ ਪਾਸ ਹੋਏ। ਇਸ ਮੌਕੇ ਰਾਜਵਿੰਦਰ ਕੌਰ, ਜਤਿੰਦਰ ਸਿੰਘ, ਸਰਬਜੀਤ ਕੌਰ, ਬਲਵੀਰ ਕੌਰ, ਨਰਿੰਦਰ ਅਜਨੋਹਾ, ਲਵਦੀਪ ਕੌਰ, ਉਂਕਾਰ ਸਿੰਘ, ਧਰਮਿੰਦਰ ਸਿੰਘ, ਹਾਫਿਜ ਪਦਮ, ਅਬਿਨਾਸ਼ ਕੌਰ, ਅਮਨਪ੍ਰੀਤ ਕੌਰ, ਅਮਨਜੀਤ ਕੌਰ, ਦੀਪਕ ਕੁਮਾਰ, ਬਲਵਿੰਦਰ ਸਿੰਘ, ਜਸਪ੍ਰੀਤ ਕੌਰ, ਮਨੀਸ਼ ਕੁਮਾਰ, ਸੋਹਣ ਸਿੰਘ ਅਤੇ ਹਰਭਜਨ ਸਿੰਘ ਮੌਜੂਦ ਸਨ।

## ਪ੍ਰੀਖਿਆ 'ਚ 90 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ



**ਸੁਭਾਨਪੁਰ (ਹਰਮੇਸ਼ ਦੱਤ)** ਸਮਾਜ ਸੇਵੀ ਸੰਸਥਾ ਨੇਕੀ ਦੀ ਦੁਕਾਨ ਕਰਤਾਰਪੁਰ ਵੱਲੋਂ ਜਗੀਰੀ ਲਾਲ ਲੁੰਬਾ ਮੈਮੋਰੀਅਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਢਿੱਲਵਾਂ ਵਿਖੇ ਇੱਕ ਸਾਦਾ ਸਮਾਗਮ ਦੌਰਾਨ, ਦਸਵੀਂ ਸ਼੍ਰੇਣੀ ਬੋਰਡ ਪ੍ਰੀਖਿਆ 2024 ਵਿੱਚ 90 % ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਅਤੇ ਜਗੀਰੀ ਲਾਲ ਲੁੰਬਾ ਮੈਮੋਰੀਅਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢਿੱਲਵਾਂ ਵਿਖੇ ਪੜ੍ਹ ਰਹੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮਾਜਸੇਵੀ ਸੰਸਥਾ ਨੇਕੀ ਦੀ ਦੁਕਾਨ ਕਰਤਾਰਪੁਰ ਵੱਲੋਂ ਇਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਸਾਰੇ ਸਾਲ ਦੀ ਫੀਸ ਅਤੇ ਹੋਰ ਫੁਟਕਲ ਖਰਚਿਆਂ ਲਈ 1600 ਰੁਪਏ ਪ੍ਰਤੀ ਵਿਦਿਆਰਥੀ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਕਾਰੀ ਕੰਨਿਆ ਹਾਈ ਸਕੂਲ ਢਿਲਵਾਂ ਦੀਆਂ ਵਿਦਿਆਰਥਣਾਂ ਗੁਰਲੀਨ ਕੌਰ 616/ 650, ਗੁਰਵੀਰ ਕੌਰ 611/650, ਪ੍ਰੀਆ 609/650 ਅਤੇ ਗੁਰਜੀਤ ਕੌਰ 594/650 ਨੂੰ 90% ਤੋਂ ਵੱਧ ਅੰਕ ਪ੍ਰਾਪਤ ਕਰਨ ਲਈ ਉਪਰੋਕਤ ਇਨਾਮ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਸਥਾ ਵੱਲੋਂ ਜਗੀਰੀ ਲਾਲ ਲੁੰਬਾ ਮੈਮੋਰੀਅਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢਿਲਵਾਂ ਦੇ ਵਿਦਿਆਰਥੀਆਂ ਜਗਤਾਰ ਸਿੰਘ, ਵਤਨ ਸਹੋਤਰਾ ਅਤੇ ਗੁਰਮਨ ਸਿੰਘ ਨੂੰ ਦਸਵੀਂ ਸ਼੍ਰੇਣੀ ਪ੍ਰੀਖਿਆ ਵਿੱਚੋਂ 80% ਤੋਂ ਵੱਧ ਅੰਕ ਪ੍ਰਾਪਤ ਕਰਨ ਲਈ ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਮਾਸਟਰ ਅਮਰੀਕ ਸਿੰਘ ਨੇ ਸਾਰੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ , ਅਧਿਆਪਕਾਂ ਅਤੇ ਸਕੂਲ ਮੁਖੀਆਂ ਨੂੰ ਵਧਾਈ ਦਿੱਤੀ। ਸਰਕਾਰੀ ਕੰਨਿਆ ਹਾਈ ਸਕੂਲ ਢਿਲਵਾਂ ਦੀ ਮੁੱਖਅਧਿਆਪਿਕਾ ਮੈਡਮ ਰਸ਼ਮੀ ਸੁਮਿਤ ਅਤੇ ਜਗੀਰੀ ਲਾਲ ਲੁੰਬਾ ਮੈਮੋਰੀਅਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢਿਲਵਾਂ ਦੀ ਪ੍ਰਿੰਸੀਪਲ ਮੈਡਮ ਅੰਜੂ ਸ਼ਰਮਾ ਨੇ ਸੰਸਥਾ ਦੇ ਇਸ ਵਿਸ਼ੇਸ਼ ਉਪਰਾਲੇ ਲਈ ਸੰਸਥਾ ਦੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਨਾਲ ਨਵੇਂ ਸ਼ੈਸ਼ਨ ਦੇ ਵਿਦਿਆਰਥੀਆਂ ਨੂੰ ਉਤਸਾਹ ਮਿਲੇਗਾ ਅਤੇ ਉਨ੍ਹਾਂ ਦੀ ਕਾਰਗੁਜਾਰੀ ਵਧੀਆ ਹੋਵੇਗੀ।ਇਸ ਮੌਕੇ ਮੈਡਮ ਅੰਜੂ ਸ਼ਰਮਾ, ਮੈਡਮ ਰਸ਼ਮੀ, ਲੈਕ ਹਰਤੇਜਇੰਦਰ ਸਿੰਘ, ਮੈਡਮ ਕਮਲਜੀਤ ਕੌਰ, ਅੰਨੂ ਕੁਮਾਰੀ, ਜਸਲੀਨ ਕੌਰ,ਪਰਵਿੰਦਰ ਕੌਰ, ਸੁਨੀਤਾ ਰਾਜ, ਸਰਬਜੀਤ ਸਿੰਘ, ਜਸਪਿੰਦਰ ਸਿੰਘ, ਜਸਵਿੰਦਰ ਸਿੰਘ ,ਸਕੂਲ ਸਟਾਫ਼ , ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਹਾਜ਼ਰ ਸਨ।

## ਦਸਮੇਸ਼ ਨਗਰ ਟਾਂਡਾ ਵਿਖੇ ਡਾ. ਬੀ ਆਰ ਅੰਬੇਡਕਰ ਦਾ ਜਨਮ ਦਿਨ ਮਨਾਇਆ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦੇ 133ਵਾਂ ਜਨਮ ਦਿਨ ਨੂੰ ਸਮਰਪਿਤ ਬੀ.ਆਰ.ਅੰਬੇਡਕਰ ਕਲੱਬ ਵਲੋਂ ਦਸ਼ਮੇਸ਼ ਨਗਰ ਟਾਂਡਾ ਵਿਖੇ ਮਨਾਇਆ ਗਿਆ। ਕਲੱਬ ਦੇ ਪ੍ਰਧਾਨ ਮਨਦੀਪ ਸਿੰਘ ਦੀਪਾ ਦੀ ਅਗਵਾਈ ਵਿੱਚ ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ, ਮੀਰਾ ਬਾਈ ਸਭਾ ਦਸ਼ਮੇਸ਼ ਨਗਰ ਟਾਂਡਾ, ਕਲੱਬ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਸਮਾਗਮ ਵਿੱਚ ਸਭ ਤੋਂ ਪਹਿਲਾਂ ਬਾਬਾ ਸਾਹਿਬ ਨੂੰ ਸਮਰਪਿਤ ਵਿਸ਼ਾਲ ਜਾਗਰਿਤੀ ਮਾਰਚ ਕੱਢਿਆ ਗਿਆ। ਜਿਸ ਦੌਰਾਨ ਵੱਡੀ ਗਿਣਤੀ ਵਿੱਚ ਨੌਜਵਾਨਾਂ ਔਰਤਾਂ ਅਤੇ ਬੱਚਿਆਂ ਨੇ ਭਾਗ ਲੈਂਦੇ ਹੋਏ ਬਾਬਾ ਸਾਹਿਬ ਦੇ ਸੰਘਰਸ਼, ਅਤੇ ਭਾਰਤੀ ਇਸ ਸੰਵਿਧਾਨ ਨੂੰ ਉਨਾਂ ਦੀ ਦੇਣ ਨੂੰ ਯਾਦ ਕੀਤਾ ਗਿਆ। ਵਿਸ਼ਾਲ ਜਾਗ੍ਰਿਤੀ ਮਾਰਚ ਸ੍ਰੀ ਗੁਰੂ ਰਵਿਦਾਸ ਭਵਨ ਦਸ਼ਮੇਸ਼ ਨਗਰ ਟਾਂਡਾ ਤੋਂ ਆਰੰਭ ਹੋ ਕੇ ਸਮੁੱਚੇ ਨਗਰ ਦੀ ਪਰਿਕਰਮਾ ਕਰਨ ਉਪਰੰਤ ਸੰਪੰਨ ਹੋਇਆ ।ਇਸ ਉਪਰੰਤ ਸ਼ਾਮ ਸਮੇਂ ਕਲੱਬ ਵੱਲੋਂ ਵਿਸ਼ਾਲ ਜਾਗਰਤੀ ਸਮਾਰੋਹ ਕਰਵਾਇਆ ਗਿਆ ਜਿਸ ਵਿੱਚ ਸੰਬੋਧਨ ਕਰਦਿਆਂ ਅੰਬੇਡਕਰ ਫੋਰਸ ਪੰਜਾਬ ਦੇ ਪ੍ਰਧਾਨ ਅਨਿਲ ਬਾਘਾ, ਐਡਵੋਕੇਟ ਕਿਰਨ ਵਸਣ, ਡਾ.ਭੁਪਿੰਦਰ ਸਿੰਘ ਅਲਫਾਸਕੈਨਿਕ ਸੈਂਟਰ , ਅਨਿਲ ਸਮਾਜ ਸਮਾਜ ਸੇਵੀ ਮੈਡਮ ਪ੍ਰਤਿਭਾ, ਡਾ. ਕੇਵਲ ਸਿੰਘ, ਡਾ.ਹਰਮਿੰਦਰ ਸਿੰਘ, ਰਿਕੂ ਭਾਟੀਆ , ਮਿਸ਼ਨਰੀ ਬੁਲਾਰੇ ਪ੍ਰੇਮ ਜੋੜਾ, ਕਬੱਡੀ ਖਿਡਾਰੀ ਸਿੱਪੀਕੋਟ ਐਨ.ਆਰ.ਆਈ ਸਭਾ ਪੰਜਾਬ ਦੀ ਪ੍ਰਧਾਨ ਪਰਮਿੰਦਰ ਕੌਰ ਬੰਗਾ, ਸ੍ਰੀ ਗੁਰੂ ਰਵਿਦਾਸ ਭਵਨ ਦਸ਼ਮੇਸ਼ ਨਗਰ ਟਾਂਡਾ ਦੇ ਮੁੱਖ ਸੇਵਾਦਾਰ ਜਗਦੀਸ਼ ਕੁਮਾਰ ਰਿੰਕਾ ਨੇ ਬਾਬਾ ਸਾਹਿਬ ਵੱਲੋਂ ਭਾਰਤੀ ਸੰਵਿਧਾਨ ਦੀ ਦੇਣ ਦੇ ਵਿਸ਼ੇ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਸਮੇਂ ਉਕਤ ਬੁਲਾਰਿਆਂ ਨੇ ਬਾਬਾ ਸਾਹਿਬ ਜੀ ਦੇ ਸੰਘਰਸ਼ਮਈ ਜੀਵਨ ਤੋਂ ਅੱਜ ਦੀ ਨੌਜਵਾਨ ਪੀੜੀ ਅਤੇ ਬੱਚਿਆਂ ਨੂੰ ਸੇਧ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਰਬਜੀਤ ਸਿੰਘ ਸਾਬਾ , ਕੀਮਤੀ ਲਾਲ , ਜਸਵੀਰ ਸਿੰਘ, ਮਾਸਟਰ ਸੰਜੀਵ ਕਾਜਲ ਦਾਰਾਪੁਰ, ਜਗਤਾਰ ਸਿੰਘ, ਨੀਰਜ ਕੁਮਾਰ, ਗਗਨਦੀਪ ਸਿੰਘ, ਸੈਕਟਰੀ ਕਰਮਜੀਤ ਸਿੰਘ ਕਾਲੂ, ਰਾਹੁਲ, ਬੋਬੀ, ਰਵੀ ਕੁਮਾਰ ਕੈਸ਼ੀਅਰ, ਪ੍ਰਗਟ ਲਾਲ, ਚਮਨ ਲਾਲ ਜੋਗਿੰਦਰ ਸਿੰਘ ਟਾਂਡਾ, ਪ੍ਰਿੰਸ ਗੈਰੀ, ਹਰਮਨ, ਕਰਮਨ, ਗੁਰਦੀਪ ਸਿੰਘ ਲਾਡੀ, ਗਗਨਿੰਦਰ ਸਿੰਘ ਅਮਰੀਕ ਸਿੰਘ, ਮੀਰਾ ਬਾਈ ਸਭਾ ਦਸ਼ਮੇਸ਼ ਨਗਰ ਤੋਂ ਮੀਨਾ ਕੁਮਾਰੀ, ਹਰਜੀਤ ਕੌਰ, ਚਰਨਜੀਤ ਕੌਰ, ਰਵਿੰਦਰ ਕੌਰ, ਮਨਜੀਤ ਕੌਰ, ਸੁਰਜੀਤ ਸਿੰਘ ਸੋਨੂੰ , ਸੋਮ ਪ੍ਰਕਾਸ਼, ਠੇਕੇਦਾਰ ਰਾਜਕੁਮਾਰ ਵੀ ਹਾਜ਼ਰ ਸਨ।

## ਪੰਜਵੀਂ ਤੇ ਦਸਵੀਂ ਦੇ ਨਤੀਜਾ ਸ਼ਾਨਦਾਰ ਰਹੇ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਗੜ੍ਹਸ਼ੰਕਰ ਇਲਾਕੇ ਵਿੱਚ ਬਹੁਤ ਸਾਰੀਆਂ ਸੰਸਥਾਵਾਂ ਵਿੱਦਿਆ ਦੇ ਖ਼ੇਤਰ ਵਿੱਚ ਕਾਰਜਸ਼ੀਲ ਹਨ। ਉਨ੍ਹਾਂ ਵਿੱਚੋਂ ਇੱਕ ਹੈ, ਗੁਰਸੇਵਾ ਐਜੂਕੇਸ਼ਨ ਅਤੇ ਵੈਲਫੇਅਰ ਸੁਸਾਇਟੀ ਪਨਾਮ, ਜਿਸਦਾ ਹਰ ਵਰ੍ਹੇ ਦੀ ਤਰ੍ਹਾਂ ਇਸ ਵਾਰ ਵੀ ਸਕੂਲ ਦੀਆਂ ਪੰਜਵੀਂ ਜਮਾਤ ਅਤੇ ਦਸਵੀਂ ਦਾ ਨਤੀਜਾ 100 ਪ੍ਰਤੀਸ਼ਤ ਰਿਹਾ।ਪੰਜਵੀਂ 'ਚੋਂ ਅਨਮੋਲਪ੍ਰੀਤ ਸਿੰਘ ਪਹਿਲੇ, ਗੁਰਨੂਰ ਦੂਜੇ, ਮਨਰੀਤ ਕੌਰ ਤੀਜੇ ਸਥਾਨ ਤੇ ਰਹੇ।ਦਸਵੀਂ ਜਮਾਤ ਵਿੱਚ ਪਹਿਲੀਆਂ ਪੰਜ ਪੁਜੀਸ਼ਨਾਂ ਤੇ ਕੁੜੀਆਂ ਨੇ ਬਾਜ਼ੀ ਮਾਰੀ।ਦਸਵੀਂ ਜਮਾਤ ਵਿੱਚ ਜੈਸਮੀਨ ਜੱਸਲ ਸਪੁੱਤਰੀ ਚਰਨਜੀਤ ਸਿੰਘ ਅੱਵਲ ਰਹੀ, ਦੂਜੀ ਪੁਜੀਸ਼ਨ ਦੋ ਲੜਕੀਆਂ ਨੇ ਹਾਸਲ ਕੀਤੀ।ਕਿਰਨਪ੍ਰੀਤ ਕੌਰ ਸਪੁੱਤਰੀ ਮੰਗਤ ਸਿੰਘ ਅਤੇ ਹਿਮਾਨੀ ਸਪੁੱਤਰੀ ਹਰਜਿੰਦਰ ਪਾਲ ਨੇ ਸਾਂਝੇ ਤੌਰ 'ਤੇ ਦੂਜੀ ਪੁਜੀਸ਼ਨ ਹਾਸਲ ਕੀਤੀ।ਤੀਜੀ ਪੁਜੀਸ਼ਨ ਹਰਸ਼ਪ੍ਰੀਤ ਕੌਰ ਸਪੁੱਤਰੀ ਫੁੰਮਣ ਸਿੰਘ ਨੇ ਹਾਸਲ ਕੀਤੀ।ਇਸ ਸ਼ਾਨਦਾਰ ਨਤੀਜੇ ਦਾ ਸਿਹਰਾ ਗੁਰਸੇਵਾ ਸੁਸਾਇਟੀ ਦੇ ਚੇਅਰਮੈਨ ਡਾਕਟਰ ਜੰਗ ਬਹਾਦਰ ਸਿੰਘ ਰਾਏ, ਡਾਇਰੈਕਟਰ ਮੈਡਮ ਸ਼੍ਰੀਮਤੀ ਦਵਿੰਦਰ ਕੌਰ ਰਾਏ, ਡਿਪਟੀ ਡਾਇਰੈਕਟਰ ਮਿਸ ਕਿਰਨ ਬਾਲਾ, ਮੈਨੇਜਿੰਗ ਡਾਇਰੈਕਟਰ ਸੋਹਣ ਸਿੰਘ ਸੂੰਨੀ ਅਤੇ ਸਮੂਹ ਸਟਾਫ ਨੂੰ ਜਾਂਦਾ ਹੈ।

## ਮੁ.ਫਤ ਮੈਡੀਕਲ ਕੈਂਪ ਲਗਾਇਆ



**ਆਦਮਪੁਰ (ਪਰਮਜੀਤ ਸਿੰਘ):-** ਲਾਇਨਜ਼ ਕਲੱਬ ਆਦਮਪੁਰ ਦੋਆਬਾ ਵੱਲੋਂ ਯੁਵਾ ਬ੍ਰਾਹਮਣ ਸਭਾ,ਸਮਾਜ ਸੇਵੀ ਸੰਸਥਾ ਆਸਰਾ ਤੇਰਾ ਦੇ ਸਹਿਯੋਗ ਨਾਲ ਸੰਤ ਵਤਨ ਸਿੰਘ ਲੰਬੜਦਾਰ ਭਗਵੰਤ ਸਿੰਘ ਮਿਨਹਾਸ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਜਤਿੰਦਰ ਜੇ ਮਿਨਹਾਸ ਦੀ ਅਗਵਾਈ ਹੇਠ ਸਵਰਗੀ ਲੰਬੜਦਾਰ ਭਗਵੰਤ ਸਿੰਘ ਮਿਨਹਾਸ ਦੀ ਯਾਦ ਵਿੱਚ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਸਥਾਨਕ ਗੁਰੂਦੁਆਰਾ ਰਾਮਗੜ੍ਹੀਆ ਨਜਦੀਕ ਘੰਟਾ ਘਰ ਆਦਮਪੁਰ ਵਿਖੇ ਸਵੇਰੇ 10 ਵਜੇ ਤੋਂ 2 ਵਜੇ ਤੱਕ ਲਗਾਇਆ ਗਿਆ ।ਲਾਇਨਜ਼ ਕਲੱਬ ਦੇ ਪ੍ਰਧਾਨ ਅਕਸ਼ਰਦੀਪ ਸ਼ਰਮਾ, ਲਾਇਨਜ਼ ਹਸਪਤਾਲ ਦੇ ਚੇਅਰਮੈਨ ਦਸ਼ਵਿੰਦਰ ਚਾਂਦ,ਯੁਵਾ ਬ੍ਰਾਹਮਣ ਸਭਾ ਦੇ ਪ੍ਰਧਾਨ ਅੰਕੁਸ਼ ਕੁੰਡੀ ਅਤੇ ਆਸਰਾ ਤੇਰਾ ਦੇ ਸੀਨੀਅਰ ਮੈਂਬਰ ਕੁਲਵਿੰਦਰ ਬੰਗਾ ਜੈਮਿਨੀ ਜੱਗੀ ਨੇ ਦੱਸਿਆ ਕਿ ਕੈਂਪ ਦੌਰਾਨ ਮਾਹਰ ਡਾਕਟਰਾਂ ਦੀ ਟੀਮ ਵਿੱਚ ਡਾਕਟਰ ਕਰਨੈਲ ਸਿੰਘ (ਚਮੜੀ ਰੋਗਾਂ ਦੇ ਮਾਹਰ),ਬੱਚਿਆਂ ਦੇ ਮਾਹਰ ਡਾਕਟਰ ਗੁਰਦੀਪ ਸਿੰਘ,ਦਿਲ, ਸ਼ੂਗਰ ਥਾਇਰਾਇਡ ਅਤੇ ਜਨਰਲ ਰੋਗਾਂ ਦੇ ਮਾਹਰ ਡਾਕਟਰ ਤਜਿੰਦਰ ਕੌਰ,ਹੱਡੀਆਂ ਅਤੇ ਜੋੜ ਬਦਲਣ ਦੇ ਮਾਹਰ ਦਾ ਜੋਇਨਰ,ਕੰਨਾਂ ਦੇ ਆਡੀਓ ਲੋਜਿਸਟ ਗੁਰਪ੍ਰੀਤ ਸਿੰਘ ਨੇਂ 237 ਮਰੀਜਾਂ ਦੀ ਜਾਂਚ ਕਰ ਮੁਫ਼ਤ ਦਵਾਈਆਂ ਦਿੱਤੀਆਂ।ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਡਾਕਟਰਾਂ ਵੱਲੋਂ ਮਰੀਜਾਂ ਨੂੰ ਸੁਝਾਏ ਲੈਬੋਰੇਟਰੀ ਟੈਸਟ ਮੁਫ਼ਤ ਕੀਤੇ ਗਏ। ਇਸ ਮੌਕੇ ਲਾਇਨਜ ਕਲੱਬ ਦੇ ਸੀਨੀਅਰ ਮੈਂਬਰ ਰਘਵੀਰ ਸਿੰਘ ਵਿਰਦੀ, ਕਲਮੋਹਨ ਲਾਲ ਸ਼ਾਰਦਾ,ਅੰਮ੍ਰਿਤਪਾਲ ਸਿੰਘ ,ਸੁਸ਼ੀਲ ਡੋਗਰਾ,ਰਮੇਸ਼ ਗਿੱਲ ਅਲਾਵਲਪੁਰ,ਗੌਰਵ ਸ਼ਰਮਾ,ਲਿਓ ਕਲੱਬ ਦੇ ਪ੍ਰਧਾਨ ਵੰਸ਼ ਉੱਪਲ, ਭੰਡਾਰੀ ਯੁਵਾ ਬ੍ਰਾਹਮਣ ਸਭਾ ਦੇ ਡਾ. ਪ੍ਰਧਾਨ ਅੰਕੁਸ਼ ਕੁੰਦੀ,ਦੀਪਕ ਸ਼ਰਮਾ,ਅੱਛਰ ਸ਼ਰਮਾ,ਪ੍ਰਵੀਨ ਸੰਗਰ,ਸੌਰਵ ਸ਼ਰਮਾ,ਜੇ.ਸੀ.ਆਦਮਪੁਰ ਦੇ ਪ੍ਰਧਾਨ ਦਵਿੰਦਰ ਸੂਰੀ,ਜਗਮੋਹਨ ਪਸਰੀਚਾ,ਗੁਰੂਦੁਆਰਾ ਰਾਮਗੜ੍ਹੀਆ ਦੇ ਪ੍ਰਧਾਨ ਨਿਰਮਲ ਸਿੰਘ ਬੰਸਲ,ਗੁਰਮੁਖ ਸਿੰਘ ਸੂਰੀ,ਕੁਲਵਿੰਦਰ ਸਿੰਘ ਟੋਨੀ ਮੀਤ ਕੁਮਾਰ ਅਤੇ ਹੋਰ ਹਾਜ਼ਰ ਸਨ।

## ਬਨਵੈਤ ਦਾ ਕੀਤਾ ਸਨਮਾਨ



**ਨਵਾਂਸ਼ਹਿਰ (ਮਨੋਜ ਲਾਡੀ)**—ਇੰਟਰਨੈਸ਼ਨਲ ਪੰਜਾਬੀ ਫਾਊਂਡੇਸ਼ਨ ਦੇ ਚੇਅਰਮੈਨ ਗੁਰਚਰਨ ਸਿੰਘ ਬਨਵੈਤ ਕੈਨੇਡਾ ਨਿਵਾਸੀ ਜੋ ਕਿ ਪਿਛਲੇ ਦਿਨੀਂ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦਫਤਰ ਵਿਖੇ ਆਏ ਤਾਂ ਸਮੂਹ ਮੈਂਬਰਾਂ ਵਲੋਂ ਉਨਾਂ ਨੂੰ ਜੀ ਆਇਆ ਕਿਹਾ ਗਿਆ ਅਤੇ ਸੁਸਾਇਟੀ ਵਲੋਂ ਉਨਾਂ ਦਾ ਸਨਮਾਨ ਕੀਤਾ ਗਿਆ।

## ਗੁਰੂ ਰਵਿਦਾਸ ਐਜੂਕੇਸ਼ਨ ਸੈਂਟਰ ਵਿਦਿਆਰਥੀਆਂ ਲਈ ਰਾਹ-ਦਸੇਰਾ ਹੋਵੇਗਾ : ਸੰਤ ਸੁਰਿੰਦਰ ਦਾਸ ਬਾਵਾ



**ਅਲਾਵਲਪੁਰ (ਮਦਨ ਬੰਗੜ)**- ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਵੱਲੋਂ ਸੰਤ ਸੁਰਿੰਦਰ ਦਾਸ ਬਾਵਾ ਦੀ ਰਹਿਨੁਮਾਈ ਹੇਠ ਪਿਛਲੇ ਦਿਨੀ ਗੁਰੂ ਰਵਿਦਾਸ ਐਜੂਕੇਸ਼ਨ ਕੋਚਿੰਗ ਸੈਂਟਰ ਦਾ ਸ਼ੁਭ ਆਰੰਭ ਕੀਤਾ ਗਿਆ ।ਇਸ ਮੌਕੇ ਅੰਮ੍ਰਿਤ ਵੇਲੇ ਤੋਂ ਅੰਮ੍ਰਿਤ ਬਾਣੀ ਦੇ ਜਾਪ ਉਪਰੰਤ ਆਰਤੀ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਇਸ ਮੌਕੇ ਸੰਤ ਸੁਰਿੰਦਰ ਦਾਸ ਬਾਬਾ ਨੇ ਕਿਹਾ ਕਿ ਜਗਤ ਗੁਰੂ ਰਵਿਦਾਸ ਐਜੂਕੇਸ਼ਨ ਕੋਚਿੰਗ ਸੈਂਟਰ ਕਾਹਨਪੁਰ ਜ਼ਰੂਰਤਮੰਦ ਵਿਦਿਆਰਥੀਆਂ ਲਈ ਇਕ ਚਾਨਣ ਮਨਾਰਾ ਅਤੇ ਰਾਹ ਦਸੇਰਾ ਸਾਬਤ ਹੋਵੇਗਾ।ਜਿੱਥੇ ਵਿਦਿਆਰਥੀ ਸਰਕਾਰੀ ਅਤੇ ਵਧੀਆ ਅਦਾਰਿਆਂ ਵਿੱਚ ਨੌਕਰੀਆਂ ਪ੍ਰਾਪਤ ਕਰਨ ਲਈ ਮਾਹਰ ਸਿੱਖਿਆ ਸ਼ਾਸਤਰੀਆਂ ਅਧਿਆਪਕਾਂ ਪ੍ਰੋਫੈਸਰਾਂ ਅਤੇ ਗਾਈਡੈਂਸ ਕੌਂਸਲਰਾਂ ਦੇ ਵਿਚਾਰਾਂ ਤੇ ਕੋਚਿੰਗ ਦਾ ਲਾਹਾ ਲੈ ਕੇ ਆਪਣੀ ਜ਼ਿੰਦਗੀ ਨੂੰ ਸਫਲ ਅਤੇ ਅਸਾਨ ਬਣਾ ਸਕਣਗੇ।ਇਸ ਮੌਕੇ ਭਾਰੀ ਗਿਣਤੀ ਵਿੱਚ ਸੰਗਤਾਂ ਵਿਦਿਆਰਥੀ ਅਤੇ ਸੇਵਾਦਾਰ ਮੌਜੂਦ ਸਨ ।

## ਟਾਇਰ ਫਟਣ ਕਾਰਨ ਕਾਰ ਡਿਵਾਈਡਰ ਨਾਲ ਜਾ ਟਕਰਾਈ, ਤਿੰਨ ਜ਼ਖਮੀ

**ਫਿਲੌਰ (ਨਿਰਮਲ)**- ਸੋਮਵਾਰ ਸਵੇਰੇ 7 ਵਜੇ ਦੇ ਕਰੀਬ ਪੈਪਸੀ ਫਿਲੌਰ ਨੇੜੇ ਸਿਕਸ ਲੈਨ 'ਤੇ ਇੱਕ ਤੇਜ਼ ਰਫਤਾਰ ਕਾਰ ਪੀ ਬੀ 10 ਐਚ ਐਚ 1289 ਦਾ ਟਾਇਰ ਫੱਟ ਗਿਆ। ਜਿਸ ਕਾਰਨ ਕਾਰ ਬੇਕਾਬੂ ਹੋ ਕੇ ਡਿਵਾਈਡਰ ਨਾਲ ਜਾ ਟਕਰਾਈ ਕਾਰ ਵਿੱਚ ਸਵਾਰ ਤਿੰਨ ਵਿਅਕਤੀ ਜ਼ਖਮੀ ਹੋ ਗਏ ।ਪੁਲਸ ਪੈਟਰੋਲਿੰਗ ਪਾਰਟੀ ਦੇ ਥਾਣੇਦਾਰ ਸਰਬਜੀਤ ਸਿੰਘ ਸਾਥੀਆਂ ਨਾਲ ਮੌਕੇ 'ਤੇ ਪੁੱਜੇ ਅਤੇ ਕਾਰ 'ਚੋਂ ਜਖਮੀਆਂ ਨੂੰ ਕੱਢ ਕੇ ਸਿਵਲ ਹਸਪਤਾਲ ਫਿਲੌਰ ਵਿਖੇ ਦਾਖਲ ਕਰਵਾਇਆ।ਇੱਕ ਦੀ ਹਾਲਤ ਠੀਕ ਨਾ ਹੋਣ ਕਾਰਨ ਡਾਕਟਰਾਂ ਨੇ ਲੁਧਿਆਣਾ ਰੈਫਰ ਕਰ ਦਿੱਤਾ ਬਾਕੀ ਦੋ ਦੀ ਹਾਲਤ ਠੀਕ ਦੱਸੀ ਜਾ ਰਹੀ ਹੈ। ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ, ਇਹ ਲੋਕ ਜਲੰਧਰ ਤੋਂ ਲੁਧਿਆਣਾ ਵੱਲ ਜਾ ਰਹੇ ਸਨ।

## ਪ੍ਰਸ਼ਾਸਨ ਨੂੰ ਲੋਕਾਂ ਦੀ ਪਹੁੰਚ 'ਚ ਬਣਾਉਣਾ ਮੁੱਖ ਉਦੇਸ਼ : ਐਡਵੋਕੇਟ ਕੁਮਾਰ



**ਜਲੰਧਰ :** ਬਸਪਾ ਦੇ ਜਲੰਧਰ ਲੋਕ ਸਭਾ ਸੀਟ ਤੋਂ ਉਮੀਦਵਾਰ ਐਡਵੋਕੇਟ ਬਲਵਿੰਦਰ ਕੁਮਾਰ ਨੇ ਕਿਹਾ ਕਿ ਉਹ ਸਰਕਾਰੀ ਅਫਸਰ ਦੀ ਨੌਕਰੀ ਛੱਡ ਕੇ ਰਾਜਨੀਤੀ 'ਚ ਆਏ ਹਨ। ਉਨ੍ਹਾਂ ਦਾ ਉਦੇਸ਼ ਲੋਕਾਂ ਨੂੰ ਚੰਗਾ ਪ੍ਰਬੰਧ ਦੇਣਾ ਤੇ ਪ੍ਰਸ਼ਾਸਨ ਨੂੰ ਲੋਕਾਂ ਦੀ ਪਹੁੰਚ 'ਚ ਬਣਾਉਣਾ ਹੈ। ਉਨ੍ਹਾਂ ਨੇ ਕਿਹਾ ਕਿ ਆਜ਼ਾਦੀ ਦੇ 75 ਸਾਲ ਬਾਅਦ ਵੀ ਲੋਕ ਮੁੱਢਲੀਆਂ ਸੁਵਿਧਾਵਾਂ ਨੂੰ ਤਰਸ ਰਹੇ ਹਨ। ਲੋਕਾਂ ਲਈ ਚੰਗੀ ਸਿਹਤ, ਸਿੱਖਿਆ, ਰੁਜ਼ਗਾਰ ਦਾ ਪ੍ਰਬੰਧ ਕਰਨਾ ਸਰਕਾਰਾਂ ਦੀ ਪਹਿਲ ਵਿੱਚ ਹੋਣਾ ਚਾਹੀਦਾ ਸੀ, ਪਰ ਉਨ੍ਹਾਂ ਨੇ ਹਮੇਸ਼ਾ ਲੋਕਾਂ ਦੀ ਅਣਦੇਖੀ ਕੀਤੀ। ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਕਰਕੇ ਪ੍ਰਸ਼ਾਸਨਿਕ ਸੇਵਾਵਾਂ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਰਹੀਆਂ ਹਨ, ਜਿਸ ਕਰਕੇ ਲੋਕਾਂ ਦੀ ਖੱਜਲ ਖੁਆਰੀ ਹੋ ਰਹੀ ਹੈ। ਲੋਕ ਸਭਾ ਦੇ ਲੋਕਾਂ ਨੂੰ ਅਪੀਲ ਕਰਦੇ ਹੋਏ ਉਨ੍ਹਾਂ ਕਿਹਾ ਕਿ ਲੋਕ ਉਨ੍ਹਾਂ 'ਤੇ ਵਿਸ਼ਵਾਸ ਜਤਾਉਣ ਤੇ ਸਾਥ ਦੇਣ। ਜਿੱਤ ਪ੍ਰਾਪਤ ਕਰਕੇ ਉਹ ਸਭ ਤੋਂ ਪਹਿਲਾਂ ਪ੍ਰਸ਼ਾਸਨਿਕ ਸੁਧਾਰ ਕਰਨਗੇ ਤੇ ਪ੍ਰਸ਼ਾਸਨ ਨੂੰ ਲੋਕਾਂ ਦੀ ਪਹੁੰਚ 'ਚ ਬਣਾਉਣਗੇ।

## ਹਰਪਾਲ ਚੀਮਾ ਨੇ ਕਰਵਾਈ ਚੰਡੀਗੜ੍ਹ ਪ੍ਰੈੱਸ ਕਲੱਬ ਦੀ ਨਵੀਂ ਟੀਮ ਦੀ ਤਾਜਪੋਸ਼ੀ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਚੰਡੀਗੜ੍ਹ ਪ੍ਰੈਸ ਕਲੱਬ ਦੀ ਸਲਾਨਾ ਚੋਣ ਜਿੱਤ ਕੇ ਆਈ ਨਵੀਂ ਟੀਮ ਨੇ ਪ੍ਰਧਾਨ ਨਲਿਨ ਅਚਾਰੀਆ ਦੀ ਅਗਵਾਈ ਹੇਠ ਸ਼ਨੀਵਾਰ ਰਾਤ ਹੋਏ ਤਾਜਪੋਸ਼ੀ ਸਮਾਗਮ ਵਿੱਚ ਅਹੁਦੇ ਸੰਭਾਲ ਲਏ। ਇਸ ਮੌਕੇ ਸੈਕਟਰ 27 ਵਿਚਲੇ ਪ੍ਰੈਸ ਕਲੱਬ ਵਿਖੇ ਕਰਵਾਏ ਗਏ ਸ਼ਾਨਦਾਰ ਰੰਗਾਰੰਗ ਪ੍ਰੋਗਰਾਮ ਦੌਰਾਨ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਨਵੇਂ ਅਹੁਦੇਦਾਰਾਂ ਦੀ ਤਾਜਪੋਸ਼ੀ ਕਰਵਾਈ। ਪੰਜਾਬ ਮਿਲਕਫੈੱਡ ਦੇ ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ ਤੇ ਕੇਵਲ ਸਿੰਘ ਪਠਾਨੀਆ, ਚੀਫ਼ ਵਿੱਪ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਵੀ ਉਨ੍ਹਾਂ ਨਾਲ ਮੌਜੂਦ ਸਨ। ਨਵੇਂ 9 ਅਹੁਦੇਦਾਰਾਂ ਵਿੱਚ ਅਚਾਰੀਆ ਤੋਂ ਇਲਾਵਾ ਉਮੇਸ਼ ਸ਼ਰਮਾ, ਰਮੇਸ਼ ਹਾਂਡਾ, ਅੰਕੁਸ਼ ਮਹਾਜਨ, ਦੀਪੇਂਦਰ ਠਾਕੁਰ, ਅਮਨਪ੍ਰੀਤ ਕੌਰ, ਅਜੈ ਜਲੰਧਰੀ, ਅਮਨਪ੍ਰੀਤ ਸਿੰਘ ਤੇ ਦੁਸ਼ਿਅੰਤ ਪੁੰਧੀਰ ਦਾ ਯਾਦ ਨਿਸ਼ਾਨੀਆਂ ਦੇ ਕੇ ਸਵਾਗਤ ਕੀਤਾ ਗਿਆ। ਇਸ ਮੌਕੇ ਸਾਬਕਾ ਪ੍ਰਧਾਨ, ਜਗਤਾਰ ਸਿੰਘ ਸਿੱਧੂ, ਬਲਵੰਤ ਤਰਕਸ਼, ਪ੍ਰਭਜੋਤ ਸਿੰਘ, ਮਿਸ ਨਾਨਕੀ ਹੰਸ, ਏ ਐਸ ਪਰਾਸ਼ਰ, ਨਵੀਨ ਗਰੇਵਾਲ, ਸੁਖਬੀਰ ਬਾਜਵਾ, ਬਲਵਿੰਦਰ ਜੰਮੂ, ਵਰਿੰਦਰ ਰਾਵਤ, ਸੌਰਵ ਦੁੱਗਲ ਤੋਂ ਇਲਾਵਾ ਸਾਬਕਾ ਸਕੱਤਰ ਜਨਰਲ ਰਾਮ ਸਿੰਘ ਬਰਾੜ, ਨਰੇਸ਼ ਕੌਸ਼ਲ, ਬਲਜੀਤ ਬੱਲੀ, ਚਰਨਜੀਤ ਅਹੂਜਾ, ਪ੍ਰੀਤਮ ਰੁਪਾਲ ਨੂੰ ਵਿਸ਼ੇਸ਼ ਤੌਰ ਉੱਤੇ ਸਨਮਾਨਤ ਕੀਤਾ ਗਿਆ। ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੱਤਰਕਾਰ ਚੌਥਾਂ ਥੰਮ੍ਹ ਹੁੰਦੇ ਹਨ ਅਤੇ ਸਮਾਜ ਨੂੰ ਸਹੀ ਸੇਧ ਦੇਣ ਦੇ ਸਮਰੱਥ ਹੁੰਦੇ ਹਨ।ਇਸ ਮੌਕੇ ਚੀਮਾ ਨੇ ਗਾਇਕ ਹਰਚੰਦ ਸਿੰਘ ਚੰਨੀ, ਸਰਬੰਸ ਪ੍ਰਤੀਕ ਸਿੰਘ, ਬੌਬੀ ਬਾਜਵਾ, ਰਾਜ ਤਿਵਾੜੀ ਅਤੇ ਹਰਦੀਪ (ਸ਼ਹਿਰ ਪਟਿਆਲੇ ਦੇ) ਨੂੰ ਸਨਮਾਨ ਚਿੰਨ੍ਹ ਅਤੇ ਸ਼ਾਲ ਦੇ ਕੇ ਸਨਮਾਨਤ ਕੀਤਾ। ਇਸ ਪ੍ਰੋਗਰਾਮ ਨੂੰ ਕਾਮਯਾਬ ਕਰਨ ਵਿਚ ਸੁਰਜੀਤ ਸਿੰਘ ਸੱਤੀ, ਤਰੁਣ ਭੰਜਨੀ, ਜਗਤਾਰ ਸਿੰਘ ਭੁੱਲਰ, ਜੈ ਸਿੰਘ ਛਿੱਬਰ ਤੇ ਗੁਰਜੀਤ ਬਿੱਲਾ ਦਾ ਵਿਸ਼ੇਸ਼ ਯੋਗਦਾਨ ਰਿਹਾ।

## ਕ੍ਰਿਸਟੀਨਾ ਨੇ ਪੰਜਾਬ ਕਿੱਕ ਬਾਕਸਿੰਗ 'ਚ ਚਾਂਦੀ ਦਾ ਤਮਗਾ ਜਿੱਤਿਆ



**ਆਦਮਪੁਰ (ਪਰਮਜੀਤ ਸਿੰਘ):-** ਇੰਪੀਰੀਅਲ ਸਕੂਲ ਗ੍ਰੀਨ ਕੈਂਪਸ ਦੀ ਅੱਠਵੀਂ ਜਮਾਤ ਦੀ ਵਿਦਿਆਰਥਣ ਕ੍ਰਿਸਟੀਨਾ ਨੇ ਬੰਗਾ ਵਿੱਚ ਪੰਜਾਬ ਕਿੱਕਬਾਕਸਿੰਗ ਐਸੋਸੀਏਸ਼ਨ ਵੱਲੋਂ ਕਰਵਾਏ ਮੁਕਾਬਲੇ ਵਿੱਚ ਚਾਂਦੀ ਦਾ ਤਗਮਾ ਜਿੱਤ ਕੇ ਆਪਣੇ ਸਕੂਲ ਅਤੇ ਆਪਣੇ ਪਰਵਾਰ ਦਾ ਨਾਂਅ ਰੌਸ਼ਨ ਕੀਤਾ ਹੈ।ਇਹ ਮੁਕਾਬਲਾ ਭਾਈ ਸੰਗਤ ਸਿੰਘ ਖਾਲਸਾ ਕਾਲਜ ਬੰਗਾ (ਐਸ ਬੀ ਐਸ ਨਗਰ) ਵਿਖੇ 19 ਤੋਂ 21 ਅਪ੍ਰੈਲ ਤੱਕ ਕਰਵਾਇਆ ਗਿਆ ਸੀ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸਵਿੰਦਰ ਕੌਰ ਮੱਲੀ ਨੇ ਕ੍ਰਿਸਟੀਨਾ ਅਤੇ ਉਸਦੀ ਕੋਚ ਅੰਜਲੀ ਗਿੱਲ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਆਉਣ ਵਾਲੇ ਸਮੇਂ ਵਿੱਚ ਉਸ ਦੇ ਚੰਗੇਰੇ ਭਵਿੱਖ ਲਈ ਪ੍ਰੇਰਿਤ ਕੀਤਾ।ਇਸ ਖੁਸ਼ੀ ਦੇ ਮੌਕੇ ਸਕੂਲ ਦੇ ਚੇਅਰਮੈਨ ਜਗਦੀਸ਼ ਲਾਲ ਅਤੇ ਡਾਇਰੈਕਟਰ ਜਗਮੋਹਨ ਅਰੋੜਾ ਨੇ ਜੇਤੂ ਵਿਦਿਆਰਥਣ ਕ੍ਰਿਸਟੀਨਾ ਨੂੰ ਵਧਾਈ ਦਿੱਤੀ ਅਤੇ ਇਸ ਪ੍ਰਾਪਤੀ ਲਈ ਖੇਡ ਵਿਭਾਗ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਅਤੇ ਅੱਗੇ ਆਉਣ ਲਈ ਪ੍ਰੇਰਿਤ ਕੀਤਾ।

## ਸਕੂਲ 'ਚ ਵਿਸ਼ਵ ਧਰਤੀ ਦਿਵਸ ਮਨਾਇਆ




**ਕਰਤਾਰਪੁਰ (ਹਰਮੇਸ਼ ਦੱਤ)** ਸੰਤ ਬਾਬਾ ਨਿਧਾਨ ਸਿੰਘ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਮੈਡਮ ਕੰਵਲਜੀਤ ਕੌਰ ਦੀ ਯੋਗ ਅਗਵਾਈ ਹੇਠ ਵਿਸ਼ਵ ਧਰਤੀ ਦਿਵਸ ਮਨਾਇਆ ਗਿਆ ਵਿਦਿਆਰਥੀਆ ਨੇ ਲਘੂ ਨਾਟਕਾ, ਭਾਸ਼ਣ, ਪੋਸਟਰ ਬਣਾਉਣ ਅਤੇ ਸਲੋਗਨ (ਨਾਅਰਾ) ਲਿਖਣ ਦੇ ਮਾਧਿਅਮ ਰਾਹੀਂ ਵਾਤਾਵਰਣ ਸੁਰੱਖਿਅਤ ਰੱਖਣ ਦਾ ਸੰਦੇਸ਼ ਦਿੱਤਾ ਅਧਿਆਪਕਾ ਤੇ ਵਿਦਿਆਰਥੀਆ ਨੇ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਦੀ ਸੁਹ ਚੁੱਕੀ ਪ੍ਰਿੰਸੀਪਲ ਮੈਡਮ ਕੰਵਲਜੀਤ ਕੌਰ ਨੇ ਧਰਤੀ ਦਿਵਸ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਇਸ ਮੌਕੇ ਸਕੂਲ ਚੈਅਰਪਰਸਨ ਸੁਰਿੰਦਰ ਕੌਰ, ਡਾ ਚਰਨ ਸਿੰਘ, ਪਿਆਰਾ ਸਿੰਘ, ਕਮੇਟੀ ਮੈਂਬਰ ਸਤਨਾਮ ਸਿੰਘ, ਪ੍ਰਿੰਸੀਪਲ ਕੰਵਲਜੀਤ ਕੌਰ, ਮਨਦੀਪ ਕੌਰ, ਸਕੂਲ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਵਾਹਨ ਨੇ ਟੱਕਰ ਮਾਰ ਕੇ ਮੇਨ ਬਾਜ਼ਾਰ 'ਚ ਬਿਜਲੀ ਦਾ ਖੰਭਾ ਤੋੜਿਆ



**ਅਲਾਵਲਪੁਰ, ( ਮਦਨ ਬੰਗੜ )**-ਕਸਬਾ ਅਲਾਵਲਪੁਰ ਦੇ ਮੇਨ ਬਾਜ਼ਾਰ ਵਿੱਚ ਸਮਾਨ ਸਪਲਾਈ ਕਰਨ ਵਾਲੇ ਵਾਹਨ ਵੱਲੋਂ ਗੀਤਾ ਭਵਨ ਨਜਦੀਕ ਬਿਜਲੀ ਦੇ ਖੰਭੇ ਨੂੰ ਟੱਕਰ ਮਾਰ ਦਿੱਤੀ ।ਜਿਸ ਕਾਰਨ ਬਿਜਲੀ ਦਾ ਖੰਭਾ ਟੁੱਟ ਕੇ ਮੇਨ ਬਾਜ਼ਾਰ ਵਿੱਚ ਨਾਲ ਦੀ ਦੁਕਾਨ ਉੱਪਰ ਜਾ ਡਿੱਗਾ ।ਬੇਸ਼ਕ ਉਸ ਸਮੇਂ ਬਿਜਲੀ ਸਪਲਾਈ ਚੱਲ ਰਹੀ ਸੀ।ਬਾਵਜੂਦ ਇਸ ਦੇ ਕੋਈ ਵੱਡਾ ਹਾਦਸਾ ਹੋਣ ਤੋਂ ਟਲ ਗਿਆ।ਬਿਜਲੀ ਦਾ ਖੰਭਾ ਟੁੱਟਣ ਕਾਰਨ ਬਾਜ਼ਾਰ ਵਿੱਚੋਂ ਲੰਘਣ ਵਾਲੇ ਰਾਹਗੀਰਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।ਉਥੇ ਹੀ ਖੰਭਾ ਟੁੱਟਣ ਤੋਂ ਬਾਅਦ ਇਲਾਕੇ ਦੀ ਬਿਜਲੀ ਸਪਲਾਈ ਲਗਭਗ ਤਿੰਨ ਘੰਟੇ ਤੱਕ ਠੱਪ ਰਹੀ। ਜਿਸ ਨੂੰ ਬਾਅਦ ਵਿੱਚ ਬਿਜਲੀ ਕਰਮਚਾਰੀਆਂ ਵੱਲੋਂ ਚਾਲੂ ਕਰ ਦਿੱਤਾ ਗਿਆ।ਇਸ ਘਟਨਾ ਤੋਂ ਬਾਅਦ ਮੇਨ ਬਾਜ਼ਾਰ ਦੇ ਕਈ ਦੁਕਾਨਦਾਰਾਂ ਅਤੇ ਆਮ ਲੋਕਾਂ ਨੇ ਨਗਰ ਕੌਂਸਲ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ, ਕਿ ਵੱਡੇ ਵਾਹਨਾਂ ਦੀ ਬਾਜ਼ਾਰ ਵਿੱਚ ਐਂਟਰੀ ਬੰਦ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਵੱਡੇ ਵਾਹਨ ਜਦੋਂ ਸਮਾਨ ਲੈ ਕੇ ਬਾਜ਼ਾਰ ਵਿੱਚ ਵੜ ਜਾਂਦੇ ਹਨ ਤਾਂ ਆਮ ਲੋਕਾਂ ਨੂੰ ਵੀ ਬਾਜ਼ਾਰ ਵਿੱਚੋਂ ਦੀ ਲੰਘਣਾ ਮੁਸ਼ਕਲ ਹੋ ਜਾਂਦਾ ਹੈ।

## ਅਕਾਲੀ ਆਗੂ ਤੇ ਵਰਕਰ ਇੱਕਮੁੱਠ ਹੋ ਕੇ ਚੱਲੇ : ਚੰਦੂਮਾਜਰਾ



**ਮੋਹਾਲੀ (ਗੁਰਜੀਤ ਬਿੱਲਾ)**-ਸ੍ਰੀ ਅਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਸਵੇਰੇ ਸੋਹਾਣਾ ਦੇ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਮੱਥਾ ਟੇਕ ਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ ਹੋਏ। ਜਿੱਥੇ ਸਮੂਹ ਸੰਗਤਾਂ ਨੇ ਮੱਥਾ ਟੇਕਿਆ ਅਤੇ ਚੰਦੂਮਾਜਰਾ ਦੀ ਜਿੱਤ ਲਈ ਅਰਦਾਸ ਕੀਤੀ।ਵੱਡੀ ਗੱਲ ਇਹ ਰਹੀ ਕਿ ਪਿਛਲੇ ਚਾਰ ਪੰਜ ਸਾਲਾਂ ਤੋਂ ਜਿਹੜੇ ਅਕਾਲੀ ਵਰਕਰ ਕਦੇ ਕਿਸੇ ਮੀਟਿੰਗ ਜਾਂ ਕਿਸੇ ਜਲਸੇ ਵਿਚ ਨਹੀਂ ਦੇਖੇ ਗਏ ਸੀ ਉਹ ਵੀ ਘਰਾਂ ਤੋਂ ਉੱਠ ਕੇ ਅੱਜ ਕਾਫਲੇ ਵਿੱਚ ਸ਼ਾਮਲ ਹੋਏ। ਇਸ ਦੌਰਾਨ ਅਕਾਲੀ ਦਲ ਤੋਂ ਨਰਾਜ਼ ਹੋਏ ਅਕਾਲੀ ਵਰਕਰ ਵੀ ਇੱਕਮੁੱਠ ਅਤੇ ਇੱਕਜੁੱਟ ਹੋ ਕੇ ਚੱਲੇ।ਚੰਦੂਮਾਜਰਾ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਸੀਟ ਦੀ ਬੋਲੀ ਲਗਾਈ ਹੋਈ ਹੈ ਅਤੇ ਆਮ ਆਦਮੀ ਪਾਰਟੀ ਨੇ ਇੱਕ ਬਾਹਰ ਵਾਲੇ ਨੂੰ ਪਾਰਟੀ ਦੀ ਟਿਕਟ ਦੇ ਦਿੱਤੀ ਹੈ ਜਿਸ ਨੂੰ ਇਲਾਕੇ ਦੇ ਲੋਕ ਜਾਣਦੇ ਵੀ ਨਹੀਂ। ਉਹਨਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਵੇਲੇ ਜਿੰਨਾ ਵਿਕਾਸ ਸ੍ਰੀ ਆਨੰਦਪੁਰ ਸਾਹਿਬ ਹਲਕੇ ਦਾ ਹੋਇਆ ਹੈ ਅਤੇ ਖਾਸ ਤੌਰ ਤੇ ਮੋਹਾਲੀ ਹਲਕੇ ਦੇ ਵਿਕਾਸ ਲਈ ਤਾਂ 2500 ਕਰੋੜ ਰੁਪਏ ਖਰਚ ਕੀਤੇ ਗਏ। ਉਹਨਾਂ ਕਿਹਾ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਨੇ ਪੰਜਾਬ ਨੂੰ ਰੱਜ ਕੇ ਲੁੱਟਿਆ ਹੈ ਅਤੇ ਲੋਕ ਵਾਪਸ ਅਕਾਲੀ ਦਲ ਨਾਲ ਵੱਡੀ ਗਿਣਤੀ ਵਿੱਚ ਜੁੜ ਰਹੇ ਹਨ। ਉਹਨਾਂ ਕਿਹਾ ਕਿ ਇਕੱਠ ਵਿੱਚ ਮਿਲਿਆ ਭਰੋਸਾ ਮੇਰੇ ਲਈ ਤਾਕਤ ਦਾ ਕੰਮ ਕਰੇਗਾ।ਇਸ ਰੋਡ ਸ਼ੋਅ ਵਿੱਚ ਮੁੱਖ ਸੇਵਾਦਾਰ ਹਲਕਾ ਮੋਹਾਲੀ ਪਰਵਿੰਦਰ ਸਿੰਘ ਸੋਹਾਣਾ, ਹਲਕਾ ਇੰਚਾਰਜ ਖਰੜ ਰਣਜੀਤ ਸਿੰਘ ਗਿੱਲ, ਹਲਕਾ ਇੰਚਾਰਜ ਸ੍ਰੀ ਚਮਕੌਰ ਸਾਹਿਬ ਕਰਨ ਸਿੰਘ ਡੀਟੀਓ, ਸਾਰੇ ਉਮੀਦਵਾਰ ਸਾਰੇ ਐਸਜੀਪੀਸੀ ਮੈਂਬਰ, ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਐਮਐਲਏ ਬੰਗਾ ਸਮੇਤ ਵੱਡੀ ਗਿਣਤੀ ਵਿੱਚ ਅਕਾਲੀ ਦਲ ਦੇ ਆਗੂ ਅਤੇ ਵਰਕਰ ਹਾਜ਼ਰ ਸਨ।

## ਇਨਕਲਾਬੀ ਕਲਾਕਾਰਾਂ ਨੇ ਸਮਾਜਿਕ ਤੇ ਰਾਜਨੀਤਕ ਤਬਦੀਲੀ ਲਈ ਜ਼ਿੰਦੜੀਆਂ ਲਾਈਆਂ : ਸੇਖੋਂ




**ਨਵਾਂਸ਼ਹਿਰ (ਮਨੋਜ ਲਾਡੀ)**-ਸਥਾਨਕ ਮੰਢਾਲੀ ਭਵਨ ਵਿਖੇ ਇਨਕਲਾਬੀ ਸੱਭਿਆਚਾਰ ਵਿਰਸਾ ਸੰਭਾਲ ਕੇਂਦਰ ਦਾ ਉਦਘਾਟਨ ਸੀ ਪੀ ਆਈ ਐੱਮ ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਕੀਤਾ। ਇਸ ਮੌਕੇ ਸਾਥੀ ਸੇਖੋਂ ਨੇ ਕਿਹਾ ਕਿ ਇਨਕਲਾਬੀ ਕਲਾਕਾਰਾਂ ਨੇ ਸਮਾਜਿਕ ਅਤੇ ਰਾਜਨੀਤਿਕ ਤਬਦੀਲੀ ਲਈ ਜਿੰਦੜੀਆ ਲਾ ਦਿੱਤੀਆਂ। ਉਨ੍ਹਾਂ ਕਿਹਾ ਕਿ ਜਮਹੂਰੀ ਇਨਕਲਾਬ ਦੀ ਲੜਾਈ ਵਿੱਚ ਸਾਥੀਆਂ ਦਾ ਉਘਾ ਰੋਲ ਹੈ। ਜਿਨ੍ਹਾਂ ਨੇ ਸਮੇਂ ਸਮੇਂ ਦੇ ਸਰਮਾਏਦਾਰਾਂ ਦੀ ਰਾਜਨੀਤੀ ਖਿਲਾਫ ਲੋਕਾਂ ਨੂੰ ਨਾਟਕ ਅਤੇ ਗੀਤਾਂ ਰਾਹੀ ਚੇਤਨ ਕੀਤਾ। ਅੱਜ ਵੀ ਇਸ ਦੀ ਬਹੁਤ ਲੋੜ ਹੈ। ਕਿਉਕਿ ਮੋਦੀ ਸਰਕਾਰ ਨੇ ਆਪਣਾ ਪ੍ਰਚਾਰ ਕਰਨ ਲਈ ਬਹੁਤ ਸਾਰੇ ਟੀ ਵੀ ਨਿਊਜ਼ ਚੈਨਲ ਖਰੀਦ ਰੱਖੇ ਹਨ। ਸੂਬਾ ਸਕੱਤਰੇਤ ਮੈਂਬਰ ਰਾਮ ਸਿੰਘ ਨੂਰਪੁਰੀ ਨੇ ਕਿਹਾ ਇਹ ਕੇਂਦਰ ਪੁਰਾਣੇ ਕਲਾਕਾਰਾਂ ਦੀ ਯਾਦ ਨੂੰ ਕਾਇਮ ਰੱਖੇਗਾ ਅਤੇ ਹਰ ਸਾਲ 21 ਅਪ੍ਰੈਲ ਨੂੰ ਯਾਦਗਾਰੀ ਸਮਾਗਮ ਕੀਤਾ ਜਾਇਆ ਕਰੇਗਾ। ਗਰਚਾ ਮਿਊਜ਼ਿਕ ਇੰਸੀਚਿਊਟ ਦੇ ਕਲਾਕਾਰਾਂ ਨੇ ਡਾਇਰੈਕਟਰ ਗਗਨਦੀਪ ਗਰਚਾ ਦੀ ਅਗਵਾਈ 'ਚ ਸਮਾਜਿਕ ਅਤੇ ਇਨਕਲਾਬੀ ਗੀਤ ਪੇਸ਼ ਕੀਤੇ। ਸਟੇਜ ਸਕੱਤਰ ਦਾ ਫਰਜ਼ ਮਾਸਟਰ ਰਾਜ ਹਿਉਂ ਨੇ ਬਾਖੂਬੀ ਨਿਭਾਇਆ।

## ਮਹਿਲਾਵਾਂ ਨੂੰ ਸਨਮਾਨ ਕਾਂਗਰਸ ਪਾਰਟੀ ਹੀ ਦੇ ਸਕਦੀ : ਕੋਹਲੀ



**ਮੋਰਿੰਡਾ (ਜੈਜ਼ੀ ਸਰਦਾਰ)**-ਦੇਸ਼ ਦੀ ਇੱਕੋ ਇੱਕ ਧਰਮ ਨਿਰਪੱਖ ਤੇ ਮਹਿਲਾਵਾਂ ਦਾ ਮਾਣ ਵਧਾਉਣ ਵਾਲੀ ਆਲ ਇੰਡਿਆ ਕਾਂਗਰਸ ਪਾਰਟੀ ਹੈ, ਜਿਹੜੀ ਕਿ ਹਰ ਇੱਕ ਵਰਗ ਨੂੰ ਨਾਲ ਲੈ ਕੇ ਚੱਲਦੀ ਹੈ, ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਇੰਚਾਰਜ ਮਹਿਲਾ ਕਾਂਗਰਸ ਸੇਵਾ ਦਲ ਜਿਲ੍ਹਾ ਰੂਪਨਗਰ ਮਨਪ੍ਰੀਤ ਕੌਰ ਕੋਹਲੀ ਨੇ ਪੱਤਰਕਾਰਾਂ ਨਾਲ ਸਾਂਝੇ ਕੀਤੇ। ਮਹਿਲਾ ਆਗੂ ਮਨਪ੍ਰੀਤ ਕੌਰ ਨੇ ਕਿਹਾ ਕਿ ਸੂਬੇ ਅੰਦਰ ਸੱਤਾਧਾਰੀ ਨੇ ਲੋਕ ਸਭਾ ਚੋਣਾਂ ਲਈ 13 ਉਮੀਦਵਾਰ ਆਪਣੇ ਐਲਾਨੇ ਪਰ ਕਿਸੇ ਵੀ ਮਹਿਲਾ ਆਗੂ ਦਾ ਨਾਂਅ ਸਾਹਮਣੇ ਨਹੀਂ ਆਇਆ, ਜਿਸ ਤੋਂ ਸਾਫ ਜਾਹਰ ਹੈ ਕਿ ਆਮ ਆਦਮੀ ਪਾਰਟੀ ਸਿਰਫ਼ ਔਰਤਾਂ ਦੀਆਂ ਵੋਟਾਂ ਹਾਸਲ ਕਰਨ ਲਈ ਲੋਕ ਦਿਖਾਵਾ ਕਰਦੀ ਹੈ, ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਿਹੜਾ ਪੰਜਾਬ ਦੀਆਂ ਔਰਤਾਂ ਨਾਲ ਇੱਕ ਇੱਕ ਹਜ਼ਾਰ ਪ੍ਰਤੀ ਮਹੀਨਾ ਔਰਤਾਂ ਦੇ ਖਾਤੇ ਵਿੱਚ ਆਉਣਾ ਸੀ ਉਸ ਨੂੰ ਉਡੀਕਦਿਆ ਦੋ ਸਾਲਾਂ ਦਾ ਸਮਾਂ ਲੰਘ ਗਿਆ ਜਿਹੜਾ ਕਿ ਔਰਤਾਂ ਨਾਲ ਕੋਝਾ ਮਜਾਕ ਕੀਤਾ ਹੈ। ਮਹਿਲਾ ਆਗੂ ਨੇ ਕਿਹਾ ਕਿ 1 ਜੂਨ ਨੂੰ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਪਾਰਟੀ ਦੇ ਹੱਕ ਵਿੱਚ ਫਤਵਾ ਦੇ ਕੇ ਸੋਨੀਆ ਗਾਂਧੀ ਤੇ ਪ੍ਰਿੰਅਕਾ ਗਾਂਧੀ ਤੇ ਸਮੂਹ ਆਲ ਇੰਡੀਆ ਕਾਂਗਰਸ ਪਾਰਟੀ ਦਾ ਹੱਥ ਮਜ਼ਬੂਤ ਕਰੋ।

## ਅੱਵਲ ਰਹਿਣ ਵਾਲੀਆਂ ਵਿਦਿਆਰਥਣਾਂ ਦਾ ਸਨਮਾਨ

**ਬੰਗਾ (ਅਵਤਾਰ ਕਲੇਰ)** ਪ੍ਰਾਇਮਰੀ ਸਕੂਲ ਰਵਿਦਾਸ ਮੰਦਰ ਬੰਗਾ ਵਿਖੇ ਸਨਮਾਨ ਸਮਾਗਮ ਕਰਵਾਇਆ ਗਿਆ।ਇਸ ਸਮਾਗਮ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪੰਜਵੀਂ ਜਮਾਤ ਦੇ ਨਤੀਜਿਆਂ ਵਿੱਚ ਸਕੂਲ 'ਚੋ ਅੱਵਲ ਰਹਿਣ ਵਾਲੀਆਂ ਵਿਦਿਆਰਥਣਾਂ ਨੂੰ ਸਨਮਾਨਿਤ ਕੀਤਾ ਗਿਆ।ਇਹਨਾਂ ਵਿੱਚ ਪ੍ਰਿਯੰਕਾ ਪੁੱਤਰੀ ਰਾਜ ਕੁਮਾਰ, ਅਨੀਤਾ ਕੁਮਾਰੀ ਪੁੱਤਰੀ ਮਨੋਜ਼ ਰਿਸ਼ੀ ਅਤੇ ਦੀਕਸ਼ਾ ਥਿੰਦ ਪੁੱਤਰੀ ਵਿਪਨ ਕੁਮਾਰ ਸ਼ਾਮਲ ਸਨ। ਇਹਨਾਂ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ ਹੈ। ਸਕੂਲ ਮੁੱਖੀ ਹਰਪਾਲ ਸਿੰਘ ਨੇ ਇਹ ਸਨਮਾਨ ਰਸਮ ਨਿਭਾਉਂਦਿਆਂ ਕਿਹਾ ਕਿ ਜਦੋਂ ਮਿਹਨਤ ਤੇ ਲਗਨ ਦਾ ਸਮੇਲ ਬਣਦਾ ਹੈ ਤਾਂ ਸਫ਼ਲ ਨਤੀਜਿਆਂ ਦਾ ਆਉਂਣਾ ਸੁਭਾਵਿਕ ਹੋ ਜਾਂਦਾ ਹੈ। ਇਸ ਮੌਕੇ ਮੈਡਮ ਨੀਲਮ ਦੀਵਾਨ, ਗੁਰਲੀਨ ਕੌਰ, ਸਰਬਜੀਤ ਰਾਣੀ ਅੰਜੂ ਬਾਲਾ, ਆਂਗਣਵਾੜੀ ਵਰਕਰ ਮੈਡਮ ਰੀਆ ਵੀ ਸ਼ਾਮਲ ਸਨ।



## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁੱਡਾ ਵਿਖੇ ਦਸਵੀਂ ਕਲਾਸ ਦਾ ਨਤੀਜਾ ਸ਼ਾਨਦਾਰ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਦਸਵੀਂ ਕਲਾਸ ਦੇ ਸਲਾਨਾ ਨਤੀਜੇ ਵਿੱਚ ਸਰਕਾਰੀ ਸੀਨੀਅਰ ਸਮਾਰਟ ਸਕੂਲ ਖੁੱਡਾ ਦੀਆਂ ਵਿਦਿਆਰਥਣਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਕੂਲ ਆਪਣੇ ਮਾਤਾ-ਪਿਤਾ ਅਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਵਿਦਿਆਰਥਣ ਮਨਪ੍ਰੀਤ ਕੌਰ ਨੇ 609/650 ਅੰਕ ਪ੍ਰਾਪਤ ਕਰਕੇ ਸਕੂਲ 'ਚੋਂ ਪਹਿਲਾ, ਲਵਦੀਪ ਕੌਰ ਨੇ 580/650 ਅੰਕ ਪ੍ਰਾਪਤ ਕਰਕੇ ਦੂਸਰਾ ਅਤੇ ਸਿਮਰਨਪ੍ਰੀਤ ਕੌਰ ਨੇ 546/600 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ।ਇਸ ਸਮੇਂ ਪ੍ਰਿੰਸੀਪਲ ਇਕਬਾਲ ਕੌਰ ਨੇ ਸ਼ਾਨਦਾਰ ਅੰਕਾਂ ਨਾਲ ਦਸਵੀਂ ਕਲਾਸ ਦੀ ਪ੍ਰੀਖਿਆ ਪਾਸ ਕਰਨ ਵਾਲੀਆਂ ਹੋਣਹਾਰ ਵਿਦਿਆਰਥਣਾ ਉਹਨਾਂ ਦੇ ਮਾਤਾ ਪਿਤਾ ਅਤੇ ਸਮੂਹ ਸਟਾਫ ਮੈਂਬਰਾਂ ਨੂੰ ਮੁਬਾਰਕਬਾਦ ਦਿੱਤੀ। ਇਸ ਸਮੇਂ ਉਨ੍ਹਾਂ ਨੇ ਉਕਤ ਵਿਦਿਆਰਥਨਾਂ ਦੇ ਬਿਹਤਰ ਭਵਿੱਖ ਦੀ ਕਾਮਨਾ ਕਰਦੇ ਹੋਏ ਸਕੂਲ ਦੇ ਹੋਰਨਾਂ ਵਿਦਿਆਰਥੀਆਂ ਨੂੰ ਵੀ ਪ੍ਰੇਰਨਾ ਲੈਣ ਲਈ ਕਿਹਾ।ਡੀ ਪੀ ਈ ਬਲਵੀਰ ਸਿੰਘ, ਹਰਦਿਆਲ ਸਿੰਘ ਚਰਨਜੀਤ ਸਿੰਘ, ਗੁਰਪ੍ਰੀਤ ਸਿੰਘ ਗੁਰਵਿੰਦਰ ਕੌਰ, ਨਵਦੀਪ ਕੌਰ ਰੁਪਿੰਦਰਜੀਤ ਕੌਰ, ਗੀਤਾ ਦੇਵੀ, ਸਤਬੀਰ ਸਿੰਘ ਆਦਿ ਵੀ ਹਾਜ਼ਰ ਸਨ।

